
# ਕਵਿਤਾ ਮੈਨੂੰ ਲਿਖਦੀ ਹੈ



ਇਕਬਾਲ

**ਇਕਬਾਲ** ਰਾਮੂਵਾਲੀਆ ਦਾ ਨਾਂ ਪੰਜਾਬੀ ਕਵਿਤਾ ਵਿਚ ਪਾਸ਼ ਦੇ ਨਾਲ ਹੀ ਕ੍ਰਾਂਤੀਕਾਰੀ ਲਹਿਰ ਸਮੇਂ ਸਥਾਪਤ ਹੋਇਆ, ਪਰ ਉਸਨੇ ਕੁਝ ਹੋਰ ਕਵੀਆਂ ਵਾਂਗ ਉਸ ਲਹਿਰ ਅਤੇ ਪਾਸ਼ ਦੀ ਕਵਿਤਾ ਤੋਂ ਅਗੇਰੇ ਆਪਣੀ ਵੱਖਰੀ ਪਛਾਣ ਕਾਇਮ ਕੀਤੀ ਤੇ ਕੈਨੇਡਾ ਵੱਸਦਿਆਂ ਲਗਾਤਾਰ ਕਵਿਤਾ ਦੀ ਤਲਾਸ਼ ਨਾਲ ਆਪਣਾ ਸਰੋਕਾਰ ਰੱਖਿਆ ਹੈ। ਉਸ ਦਾ ਨਵਾਂ ਕਾਵਿ ਸੰਗ੍ਰਹਿ "**ਕਵਿਤਾ ਮੈਨੂੰ ਲਿਖਦੀ ਹੈ**" ਉਸਦੀ ਅਜਿਹੀ ਕਾਵਿ-ਚੇਤਨਾ ਦਾ ਪ੍ਰਮਾਣ ਹੈ। ਸਮਕਾਲੀ ਕਵਿਤਾ ਵਿਚਾਰਧਾਰਕ ਹੁੰਦਿਆਂ ਹੋਇਆਂ ਵੀ ਪ੍ਰੰਪਰਕ ਸਿਧਾਂਤਾਂ ਤੋਂ ਮੁਕਤ ਤੇ ਸੁਤੰਤਰ ਕਾਵਿ-ਸ਼ੈਲੀ ਵੱਲ ਰੁਚਿਤ ਹੈ, ਜਿਥੇ ਕਵਿਤਾ ਆਪਣੇ ਆਪ ਵਿਚ ਕੇਵਲ ਕਵਿਤਾ ਹੋਣ ਦੀ ਸ਼ਕਤੀ ਪ੍ਰਾਪਤ ਕਰਦੀ ਹੈ। ਇਕਬਾਲ ਕਵਿਤਾ ਦੇ ਇਸ ਭੇਤ ਤੋਂ ਵਾਕਫ਼ ਵੀ ਹੈ ਤੇ ਅਜਿਹੇ ਕਾਵਿ ਦੀ ਸਿਰਜਣਾ ਕਰਨ ਦੇ ਸਮਰੱਥ ਵੀ। ਪੰਜਾਬੀ ਦੇ ਅਜਿਹੇ ਕਾਵਿ ਨੂੰ ਵਿਸ਼ਵ-ਕਾਵਿ ਦੇ ਪ੍ਰਸੰਗ ਵਿਚ ਸੰਤੁਸ਼ਟਤਾ ਨਾਲ ਪੜ੍ਹਿਆ ਜਾ ਸਕਦਾ ਹੈ।

— ਸੁਤਿੰਦਰ ਸਿੰਘ ਨੂਰ
ਦਿੱਲੀ ਯੂਨੀਵਰਸਿਟੀ



ਇਕਬਾਲ (ਰਾਮੂਵਾਲੀਆ)

**ਜਨਮ :** ਰਾਮੂਵਾਲਾ ਨਵਾਂ, ਤਹਿਸੀਲ ਮੋਗਾ, ਜ਼ਿਲ੍ਹਾ ਫ਼ਰੀਦਕੋਟ, ਪੰਜਾਬ, ਭਾਰਤ।

**ਵਿਦਿਆ :** ਪਿੰਡ ਦੀ ਸਕੂਲੀ ਵਿਦਿਆ ਤੋਂ ਬਾਦ, ਕਾਲਜੀ ਪੜ੍ਹਾਈ ਮੋਗੇ ਦੇ ਡੀ. ਐਮ. ਕਾਲਜ ਅਤੇ ਲੁਧਿਆਣੇ ਦੇ ਗੌਰਮਿੰਟ ਕਾਲਜ ਤੋਂ; 1970 ਤੋਂ 75 ਤੀਕ ਖ਼ਾਲਸਾ ਕਾਲਜ ਸੁਧਾਰ (ਲੁਧਿਆਣਾ) ਵਿਚ ਅੰਗਰੇਜ਼ੀ ਦਾ ਲੈਕਚਰਰ; 1975 ਤੋਂ 77 ਤੀਕ ਕਨੇਡਾ ਵਿਚ ਫ਼ੈਕਟਰੀਆਂ ਦੀ ਖੜ-ਖੜ ਨਾਲ ਬੇਲਫ਼ਜ਼ ਗੁਫ਼ਤਗੂ; 1977 ਤੋਂ 83 ਤੀਕ ਕਨੇਡਾ ਦੀਆਂ ਵਾਟਰਲੂ, ਡਲਹੌਜ਼ੀ, ਅਤੇ ਯੌਰਕ ਯੂਨੀਵਰਸਿਟੀਆਂ ਵਿਚ ਕਿਤਾਬਾਂ ਨਾਲ ਮਗ਼ਜ਼-ਮਾਰੀ; 1983 ਤੋਂ 85 ਤੀਕ ਬੇਰੁਜ਼ਗਾਰੀ ਦੇ ਵੇਲਣੇ 'ਚੋਂ ਗੁਜ਼ਰਦਿਆਂ ਕਨੇਡਾ ਦੇ ਕਈ ਸ਼ਹਿਰਾਂ ਦਾ ਭਟਕਣੀ ਭਰਮਣ; ਅੰਤ ਮਾਯੂਸੀ ਦੇ ਇਸ ਦੌਰ ਵਿਚ ਟੈਕਸੀ-ਡਰਾਈਵਰੀ, ਦਰਬਾਨੀ, ਤੇ ਰੈਸਟੋਰੈਂਟਾਂ ਵਿਚ ਬਰਤਨ-ਸਫ਼ਾਈ ਵਗੈਰਾ ਦੇ ਤਲਖ਼ ਤਜਰਬੇ; 1985 ਤੋਂ ਨੌਰਥ ਯੌਰਕ ਐਜੂਕੇਸ਼ਨ ਬੋਰਡ (ਟ੍ਰਾਂਟੋ) ਵਿਚ ਤਾਲੀਮੀ ਮੁਲਾਜ਼ਮਤ।

**ਅੱਜ-ਕੱਲ :** 1 Major William Sharpe Drive,
Brampton, Ontario, Canada,
L6X 3E7,
PHONE : (905) 450-0247

unjab in North America: http://ww

**ਏਸ ਤੋਂ ਪਹਿਲੀਆਂ ਕਿਤਾਬਾਂ :**

ਸੁਲਘਦੇ ਅਹਿਸਾਸ (ਕਵਿਤਾ) 1974
ਤਿੰਨ ਕੋਣ (ਕਾਵਿ-ਸੰਗ੍ਰਹਿ : ਦੋ ਹੋਰ ਸ਼ਾਇਰਾਂ ਨਾਲ ਸਾਂਝਾ) 1978
ਕੁਝ ਵੀ ਨਹੀਂ (ਕਵਿਤਾ) 1984
ਪਾਣੀ ਦਾ ਪਰਛਾਵਾਂ (ਕਵਿਤਾ) 1991

**ਸੰਪਾਦਨ** : ਮਕਤਲ (ਨਵੇਂ ਦੌਰ ਦੀ ਪੰਜਾਬੀ ਕਵਿਤਾ) 1983

Academy of the Punjab in North America: http://www.apnaorg.com

# ਕਵਿਤਾ ਮੈਨੂੰ ਲਿਖਦੀ ਹੈ

ਇਕਬਾਲ

ਨਵਯੁਗ ਪਬਲਿਸ਼ਰਜ਼
ਨਵੀਂ ਦਿੱਲੀ

Academy of the Punjab in North America: http://www.apnaorg.com

KAVITA MAINOO LIKHDEE HAI
(The Poetry Writes Me)
By
Iqbal (Ramoowalia)

I Major William Sharpe Drive
Brampton. Ontario, L6X 3E7
Canada

Phone : (905) 450-0247

© 1995

ਪ੍ਰਕਾਸ਼ਕ ਨਵਯੁਗ ਪਬਲਿਸ਼ਰਜ਼
K-24, ਹੌਜ਼ਖ਼ਾਸ, ਨਵੀਂ ਦਿੱਲੀ

ਛਾਪਕ
ਭਾਰਤੀ ਪ੍ਰਿੰਟਰਜ਼
ਨਵੀਨ ਸ਼ਾਹਦਰਾ, ਦਿੱਲੀ

ਮੁੱਲ : 75/- ਰੁਪਏ

ISBN 81-86216-67-7

Academy of the Punjab in North America: http://www.apnaorg.com

1983 ਤੋਂ 1987 ਦੇ ਤੂਫ਼ਾਨੀ ਵਰ੍ਹਿਆਂ ਦੇ ਨਾਮ

Academy of the Punjab in North America: http://www.apnaorg.com

Academy of the Punjab in North America: http://www.apnaorg.com

# ਤਤਕਰਾ


ਮਾਂ ਸਰੁਸਤੀ . . . . . . . . . . . . . 9

ਕਵਿਤਾ ਮੈਨੂੰ ਲਿਖਦੀ ਹੈ . . . . . . . . . 13

ਤਾਜ ਮਹੱਲ . . . . . . . . . . . . . 15

ਜੁੱਤੀਆਂ . . . . . . . . . . . . . . 17

ਇਹ . . . . . . . . . . . . . . . 19

ਘਰਾਂ ਦੇ ਉਸਰਨ ਤੋਂ ਪਹਿਲਾਂ . . . . . . . 21

ਗੋਰੀ ਦਾਹੜੀ . . . . . . . . . . . . 23

ਫ਼ਰਿੱਜ ਵਿਚ ਸੌਂਦਾ ਆਦਮੀ . . . . . . . . 26

ਬਿਜਲੀਆਂ . . . . . . . . . . . . . 28

ਘਰ . . . . . . . . . . . . . . . 30

ਦਿਨ . . . . . . . . . . . . . . . 33

ਬਰਫ਼ . . . . . . . . . . . . . . 36

ਬਰਫ਼ ਦਾ ਗੀਤ . . . . . . . . . . . 39

ਗੱਡੀ ਉੱਤੇ ਸਫ਼ਰ ਕਰਦਿਆਂ . . . . . . . . 40

ਪੌਣ ਨੂੰ ਮੈਲੀ ਕਰੋ ਨਾ . . . . . . . . . 42

ਖਿੰਡ ਗਏ ਨੇ. . . . . . . . . . . . . 43

ਬਾਗ਼ ਜਾਂ ਫੁਲਵਾੜੀਆਂ . . . . . . . . . 44

ਗੁਲੇਲ ਪਹਿਨ ਕੇ. . . . . . . . . . . 45

ਭੱਜ ਗਏ ਅੰਤ. . . . . . . . . . . . 46

ਇਨਕਲਾਬ 'ਚੋਂ ਨਿਕਲੀ ਬੰਦੂਕ . . . . . . . 47

ਝੰਡਾ . . . . . . . . . . . . . . 49

ਅਖ਼ਬਾਰ ਤੇ ਕਬਰਾਂ . . . . . . . . . . 50

ਰਾਵਣ ਵਸਦਾ ਹਰ ਥਾਂ . . . . . . . . . 51

ਜੰਗ . . . . . . . . . . . . . . . 52

ਸਿਰਫ ਮੈਂ ਖਲੋਤਾ ਹਾਂ . . . . . . . . . 53

ਬਦਲਦੇ ਮੌਸਮਾਂ ਦੇ ਨਾਲ . . . . . . . . . 55

ਜੇ ਹੈ·ਕਲੀਆਂ ਨੂੰ ਇੰਤਜ਼ਾਰ ਮੇਰੀ . . . . . . 57

ਨਿਆਗਰਾ ਫ਼ਾਲਜ਼ . . . . . . . . . . . 58


Academy of the Punjab in North America: http://www.apnaorg.com

Academy of the Punjab in North America: http://www.apnaorg.com

# ਮਾਂ ਸਰੁਸਤੀ

ਮੈਂ ਅੱਜ ਕਲ੍ਹ ਬਹੁਤ ਟਲਦਾ ਹਾਂ
ਆਪਣੀ ਅਣਲਿਖੀ ਗੁਸਤਾਖ਼ ਸ਼ਾਇਰੀ ਤੋਂ

ਕਿ ਇਹ ਗੁਸਤਾਖ਼ ਸ਼ਾਇਰੀ ਰੋਜ਼ ਆਉਂਦੀ ਹੈ
ਮੇਰੇ ਅੰਦਰ ਲੁਕੇ ਇਕਬਾਲ ਨੂੰ
ਬਾਹਰ ਬੁਲਾਉਂਦੀ ਹੈ
ਉਸ ਦੇ ਪੋਟਿਆਂ ਨੂੰ
ਮਲਕੜੇ ਜਏ ਚੀਰ ਲਾਉਂਦੀ ਹੈ
ਸਲੀਕੇ ਨਾਲ ਛਿਲਦੀ
ਸੋਹਣੀਆਂ ਕਲਮਾਂ ਬਣਾਉਂਦੀ ਹੈ
ਮੇਰੇ ਹੱਥੀਂ ਫੜਾਉਂਦੀ ਹੈ

ਉਹ ਮੈਨੂੰ ਆਖਦੀ ਹੈ
ਬਸਤਰਾਂ 'ਚੋਂ ਬਾਹਰ ਆ, ਬਾਲੀ
ਅਲਫ਼ ਨੰਗਾ ਹੋ
ਮੇਰੇ 'ਚੋਂ ਦੇਖ
ਆਪਣਾ ਹਰ ਨਗਨ ਖੂੰਜਾ
ਖੋਲ੍ਹ ਆਪਣੇ ਮਨ ਦੀਆਂ
ਦੀਵਾਰ ਕਰੀਆਂ ਤਾਕੀਆਂ
ਦੇਖ ਧੋਤੇ ਬਸਤਰਾਂ ਹੇਠਾਂ ਬੁਨੈਣਾਂ ਪਾਟੀਆਂ
ਨੰਗੀਆਂ ਕਰ ਕਾਪੀਆਂ
ਜਿਲਦ ਅੰਦਰ ਦੇਖ ਕੀਕਣ ਹਰਫ਼ ਸਾਰੇ ਟਾਕੀਆਂ
ਪੋਟਿਆਂ ਅੰਦਰ ਛਲਕਦੇ ਸਾਜ਼ ਹੋਏ ਦਾਤੀਆਂ
ਸੁਣ ਲਹੂ ਵਿਚ ਖੰਘਦੀਆਂ
ਬੇਸੁਰਾ ਅਵਾਰਾ ਲਾਠੀਆਂ
ਅਲਫ਼ ਨੰਗਾ ਬੈਠ ਮੇਰੇ ਸਾਹਮਣੇ......

ਅਲਫ਼ ਨੰਗਾ ਬੈਠ ਮੇਰੇ ਸਾਹਮਣੇ
ਤਨ ਉਦਾਲੇ ਇੱਕ ਤੜਾਗੀ ਤੀਕ ਪਾ ਕੇ
ਮਨ ਉਦਾਲੇ ਵਾਲ ਮਾਤਰ ਲੀਕ ਪਾ ਕੇ
ਜੋ ਕੋਈ ਵੀ ਨਜ਼ਮ ਦੇ ਸਨਮੁੱਖ ਖੜ੍ਹਦਾ ਹੈ

Academy of the Punjab in North America: http://www.apnaorg.com

ਮਾਂ ਸਰੁਸਤੀ ਦੇ ਛਤਰ ਦਾ ਰੇਪ ਕਰਦਾ ਹੈ
ਅਲਫ ਨੰਗਾ ਬੈਠ ਮੇਰੇ ਸਾਹਮਣੇ....

ਮਿਰੇ ਤੋਂ ਸ਼ਰਮ ਕਾਹਦੀ ਹੈ
ਮੈਂ ਤੇਰੀ ਜਣਨਹਾਰੀ ਵੀ
ਪੰਘੂੜੇ ਸੌਂ ਰਹੀ ਲੋਰੀ ਪਿਆਰੀ ਵੀ
ਜੁ ਤੇਰੀ ਸੇਜ 'ਤੇ ਵਿਛਦੀ
ਉਹ ਨਿਰਬਸਤਰ ਪਟਾਰੀ ਵੀ
ਜੁ ਅਕਸਰ ਸੁਪਨਿਆਂ ਨੂੰ ਨੂੰਗਦੀ ਰਹਿੰਦੀ
ਉਹ ਤਿਤਲੀਦਾਰ ਚਿੜੀਆਂ ਦੀ
ਭਸਮ ਹੋਈ ਉਡਾਰੀ ਵੀ
ਮੇਰੇ ਤੋਂ ਸ਼ਰਮ ਕਾਹਦੀ ਹੈ.......

ਜੇ ਰੁੱਖ ਦੀ ਜ਼ਾਤ 'ਚੋਂ ਹੈਂ ਤਾਂ
ਜੜਾਂ ਤੋਂ ਗਮਲਿਆਂ ਨੂੰ ਲਾਹ
ਜਿਸਮ ਤੋਂ ਲਿਵਿੰਗਰੂਮਾਂ ਦੀ ਭਰੀ ਛਤਰੀ
ਤੇ ਚੌੜੇ ਥਮਲਿਆਂ ਨੂੰ ਲਾਹ
ਜੁ ਛੱਤਾਂ ਹੇਠ ਉਗਦੇ ਨੇ
ਉਹਨਾਂ ਬਿਰਛਾਂ ਦੇ ਪਰਛਾਵੇਂ ਤਾਂ ਹੁੰਦੇ ਨੇ
ਉਹਨਾਂ ਦੀ ਛਾਂ ਨਹੀਂ ਹੁੰਦੀ
ਜੁ ਗਮਲੇ ਵਿਚ ਉਗਦੇ ਨੇ
ਉਹਨਾਂ ਵੇਲਾਂ ਦਰਖ਼ਤਾਂ ਦੀ
ਧਰਤ-ਮਾਂ ਮਾਂ ਨਹੀਂ ਹੁੰਦੀ

ਜੁ ਗਮਲੇ ਵਿਚ ਉਗਦੇ ਨੇ
ਉਹਨਾਂ ਦੀ ਜੜ ਨਹੀਂ ਹੁੰਦੀ
ਜਿੰਨ੍ਹਾਂ ਦੀ ਜੜ ਨਹੀਂ ਹੁੰਦੀ
ਉਨ੍ਹਾਂ ਦੇ ਖੋਖਲੇ ਸਿਰ ਬਹੁਤ ਹੁੰਦੇ ਨੇ
ਸਿਰਾਂ ਲਈ ਧੜ ਨਹੀਂ ਹੁੰਦੀ

ਸਜਾਏ ਕਮਰਿਆਂ ਅੰਦਰ
ਜੁ ਸੋਫ਼ੇ ਕੋਲ ਉਗਦੇ ਨੇ
ਉਨ੍ਹਾਂ ਬੌਨੇ ਦਰਖ਼ਤਾਂ 'ਤੇ

Academy of the Punjab in North America: http://www.apnaorg.com

ਕਦੇ ਵੀ ਪੀਂਘ ਨਹੀਂ ਪੈਂਦੀ
ਅਤੇ ਸੜਦੇ ਦੁਪਹਿਰੇ
ਰਾਹਗਰਾਂ ਨੂੰ ਨੀਂਦ ਨਹੀਂ ਪੈਂਦੀ

ਜੇ ਰੁੱਖ ਦੀ ਜ਼ਾਤ 'ਚੋਂ ਹੈ ਤਾਂ
ਜੜ੍ਹਾਂ ਤੋਂ ਗਮਲਿਆਂ ਨੂੰ ਲਾਹ
ਬਾਹਰ ਇੱਕ ਦੂਸਰੇ ਨੂੰ ਚੀਰਦੇ
ਚੌਰਸਤਿਆਂ 'ਤੇ ਆ
ਕਿ ਓਥੇ ਤਾਪ ਵਾਂਗੂੰ ਰੋਜ਼ ਚੜ੍ਹਦੇ ਨੇ
ਪਲਾਟਾਂ ਦੇ ਖਰੂਦੀ ਭਾਅ
ਬਿਘਰ ਅਣਭੋਲ ਚਿੜੀਆਂ ਨੂੰ
ਕਿਤੇ ਇੱਕ ਆਹਲਣੇ ਖ਼ਾਤਰ
ਕੋਈ ਟਾਹਣਾ ਨਹੀਂ ਬਚਿਆ.....

ਜੇ ਅਗਨੀ ਨਾਲ ਤੇਰਾ ਗੋਤ ਮਿਲਦਾ ਹੈ
ਤਵੱਜੋ ਨਾਲ ਸੁਣ ਮੈਨੂੰ
ਮੇਜ਼ 'ਤੇ ਜਨਮ-ਦਿਨ ਦੇ ਵਾਸਤੇ
ਜੋ ਕੇਕ ਸਜਦੇ ਨੇ
ਉਹਨਾਂ ਦੇ ਸਿਰ 'ਚ ਠੁਕੀਆਂ
ਬਾਲੜੀ ਚੀਚੀ ਜਈਆਂ ਬੱਤੀਆਂ
ਘਰਾਂ ਵਿਚ ਰੌਸ਼ਨੀ ਖ਼ਾਤਰ ਨਹੀਂ ਹੁੰਦੀਆਂ
ਤੂੰ ਓਥੇ ਜਦ ਬੁਝੇਂਗਾ ਬੇਲਿਹਾਜ਼ੀ ਫੂਕ ਦੇ ਹੇਠਾਂ
ਬੜੀ ਤਾੜੀ ਪਵੇਗੀ ਜਸ਼ਨ ਵਰਤਣਗੇ
ਮੁਬਾਰਕਬਾਦ ਦੇ ਸੈਆਂ ਹਜ਼ਾਰਾਂ ਬੋਲ ਛਣਕਣਗੇ
ਜੁ ਅੰਦਰੋਂ ਤਿੜਕ ਕੇ
ਹਉਕੇ ਕੁ ਜਿੰਨਾਂ ਸ਼ੋਰ ਰਹਿ ਗਏ ਨੇ
ਬੜੇ ਹੀ ਜਾਮ ਖੜਕਣਗੇ ਤੇ ਛਲਕਣਗੇ
ਤੇ ਖੁੱਡਿਆਂ ਤੋਂ ਪਤੀਲੇ ਤਕ
ਬੜੇ ਖੰਭ ਅਣਸੁਣੇ ਖ਼ਾਮੋਸ਼ ਤੜਫ਼ਣਗੇ
ਤੂੰ ਇੱਕ ਧੂੰਏਂ ਦੀ ਪਤਲੀ ਲੀਕ ਬਣ ਕੇ
ਬਿਖ਼ਰ ਜਾਵੇਂਗਾ
ਨਸ਼ੀਲੀ ਸ਼ਾਮ ਦੇ ਵਿਚ ਪਲ ਕੁ ਮਗਰੋਂ

Academy of the Punjab in North America: http://www.apnaorg.com

ਵਿਸਰ ਜਾਵੇਂਗਾ
ਮੇਜ਼ 'ਤੇ ਜਨਮ-ਦਿਨ ਦੇ ਵਾਸਤੇ
ਜੋ ਕੇਕ ਸਜਦੇ ਨੇ
ਉਹਨਾਂ ਦੇ ਸਿਰ 'ਚ ਠੁਕੀਆਂ
ਬਾਲੜੀ ਚੀਚੀ ਜਹੀਆਂ ਬੱਤੀਆਂ
ਘਰਾਂ ਵਿਚ ਰੌਸ਼ਨੀ ਖ਼ਾਤਰ ਨਹੀਂ ਹੁੰਦੀਆਂ

ਜੇ ਤੇਰਾ ਗੋਤ ਅਗਨੀ ਨਾਲ ਹੈ ਮਿਲਦਾ
ਤਾਂ ਕੇਕਾਂ ਤੋਂ ਵਿਦਾ ਹੋ ਆ
ਠਰੇ ਹੋਏ ਅਨੇਕਾਂ ਹੀ ਹੁੰਗਾਰੇ ਭਟਕਦੇ ਫਿਰਦੇ
ਕਿ ਕਿਧਰੇ ਸੁਲਘਦੀ ਇੱਕ ਬਾਤ ਮਿਲ ਜਾਵੇ
ਤੇ ਠਰੀਆਂ ਬੈਠੀਆਂ ਨੇ ਅਣਗਿਣਤ ਬਾਤਾਂ
ਕਿ ਚੁੱਲ੍ਹਿਆਂ ਵਾਂਗਣਾਂ ਬਲਦੀ
ਸਿਰਫ਼ ਇੱਕ ਰਾਤ ਮਿਲ ਜਾਵੇ
ਜੇ ਅਗਨੀ ਨਾਲ ਰਿਸ਼ਤਾ ਹੈ
ਸੁਲਘਦੀ ਬਾਤ ਬਣ ਕੇ ਆ
ਤੇ ਬਲਦੀ ਰਾਤ ਬਣ ਕੇ ਆ
ਡਲੇ ਧਰ ਕੇ ਬਣਾਏ ਚੁੱਲ੍ਹਿਆਂ ਵਿਚ
ਲਾਟ ਬਣ ਬਹਿ ਜਾ
ਨਿਆਣੇ ਵਿਲਕਦੇ ਨੇ ਥਾਂ-ਕੁਥਾਂ ਫਿਰਦੇ
ਪਕਾ ਖਾਲੀ ਤਵੇ 'ਤੇ ਸੁਲਘਦੀ ਕਵਿਤਾ

ਮੈਂ ਅੱਜ ਕੱਲ ਬਹੁਤ ਟਲਦਾ ਹਾਂ
ਆਪਣੀ ਅਣਲਿਖੀ ਗੁਸਤਾਖ਼ ਸ਼ਾਇਰੀ ਤੋਂ....

Academy of the Punjab in North America: http://www.apnaorg.com

# ਕਵਿਤਾ ਮੈਨੂੰ ਲਿਖਦੀ ਹੈ

ਮੈਂ ਅੱਜ ਕੱਲ ਕਵਿਤਾ ਨਹੀਂ ਲਿਖਦਾ
ਕਿਉਂਕਿ ਕਵਿਤਾ ਅੱਜ ਕੱਲ
ਮੈਨੂੰ ਲਿਖਣ ਲੱਗ ਪਈ ਹੈ
ਜਿਵੇਂ ਮਸ਼ੀਨਾਂ ਹੁਣ ਮਨੁੱਖਾਂ ਨੂੰ ਚਲਾਉਂਦੀਆਂ ਨੇ
ਘਰਾਂ ਦੇ ਖ਼ਰੀਦਦਾਰਾਂ ਨੂੰ
ਅਸਲ ਵਿਚ ਘਰ ਖ਼ਰੀਦ ਲੈਂਦੇ ਨੇ
ਵਰਦੀਆਂ ਮਨੁੱਖਾਂ ਨੂੰ ਪਹਿਨ ਲੈਂਦੀਆਂ ਨੇ
ਤੇ ਬੰਦੂਕਾਂ ਚਲਾਉਂਦੇ ਲੋਕਾਂ ਨੂੰ
ਅਸਲ ਵਿਚ ਬੰਦੂਕਾਂ ਚਲਾਉਂਦੀਆਂ ਨੇ
ਇੰਝ ਹੀ
ਕਵਿਤਾ ਅੱਜ ਕੱਲ ਮੈਨੂੰ ਲਿਖਣ ਲੱਗ ਪਈ ਹੈ

ਜਦੋਂ ਕਵਿਤਾ ਮੈਨੂੰ ਲਿਖ ਰਹੀ ਹੁੰਦੀ ਹੈ
ਤਾਂ ਮੈਂ ਉਨ੍ਹਾਂ ਰੁੱਖਾਂ ਨੂੰ ਸਿੰਜਣ ਲੱਗ ਜਾਂਦਾ ਹਾਂ
ਜਿਨ੍ਹਾਂ ਨੇ ਆਉਣ ਵਾਲੇ ਵਰ੍ਹਿਆਂ 'ਚ
ਮੇਰੀ ਪਿੱਠ ਉੱਤੇ ਉੱਗਣਾ ਹੈ
ਤੇ ਜਿਨ੍ਹਾਂ ਦੀ ਕੰਡੇਦਾਰ ਛਾਂ ਹੇਠਾਂ
ਕੋਕਾ ਕੋਲਾ ਚੁਸਕਦੀ ਮੇਰੀ ਬਿਸ਼ਰਮੀ ਨੇ
ਅਖ਼ਬਾਰਾਂ 'ਚੋਂ ਗ਼ੈਰਹਾਜ਼ਰ ਖ਼ਬਰਾਂ ਨਾਲ
ਬਹਿਸਣਾ ਹੈ

ਜਦੋਂ ਕਵਿਤਾ ਮੈਨੂੰ ਲਿਖ ਰਹੀ ਹੁੰਦੀ ਹੈ
ਤਾਂ ਮੈਂ ਉਸ ਬਰਫ਼ ਉੱਤੇ ਤਿਲਕ ਜਾਂਦਾ ਹਾਂ
ਜੀਹਨੇ ਅਗਲੇ ਵਰ੍ਹੇ ਦੀਆਂ
ਤਪਦੀਆਂ ਧੁੱਪਾਂ 'ਚ ਵੀ
ਮੇਰੇ ਅੰਦਰ ਚੁੱਪ ਚਾਪ ਬਰਸਣਾ ਹੈ

ਜਦੋਂ ਕਵਿਤਾ ਮੈਨੂੰ ਲਿਖ ਰਹੀ ਹੁੰਦੀ ਹੈ
ਤਾਂ ਮੇਰੀ ਨਵੀਂ ਨਕੋਰ ਕਾਰ
ਮੇਰੇ ਗੰਜ ਉਤੇ ਦੌੜਨ ਲੱਗ ਪੈਂਦੀ ਹੈ
ਤੇ ਸਜੇ ਘਰ ਦੀਆਂ ਕੈਂਸਰੀ ਜੜ੍ਹਾਂ

Academy of the Punjab in North America: http://www.apnaorg.com

ਮਸੂਮ ਚਾਕਲੇਟ ਤੋਂ ਲੈਕੇ
ਬੀਵੀ ਦੀ ਐਨਾਸੀਨ ਤੀਕ ਫੈਲ ਜਾਂਦੀਆਂ ਨੇ

ਜਦੋਂ ਕਵਿਤਾ ਮੈਨੂੰ ਲਿਖਣ ਲਗਦੀ ਹੈ
ਤਾਂ ਅੰਗਰੇਜ਼ੀ
ਮੈਂ ਜੀਭ ਉੱਤੇ ਨਿਰੋਧ ਪਹਿਨ ਕੇ ਬੋਲਦਾ ਹਾਂ,
ਤੇ ਸੈਂਡਵਿਚ ਅੰਦਰ ਚਿਣੇ ਸਲਾਦ ਦੇ ਨਾਲ ਨਾਲ
ਮੈਂ ਆਪਣੀ ਜੀਭ ਵੀ ਖਾ ਜਾਂਦਾ ਹਾਂ
ਉਦੋਂ ਸਕਾਚ ਦੀ ਬੋਤਲ
ਸੀ. ਐਨ. ਟਾਵਰ ਬਣੀ ਹੁੰਦੀ ਹੈ
ਜਿਸ ਤੋਂ ਬੜੀ ਖ਼ੂਬਸੂਰਤੀ ਨਾਲ
ਡਿੱਗਿਆ ਵੀ ਜਾ ਸਕਦਾ ਹੈ

ਜਦੋਂ ਕਵਿਤਾ ਮੈਨੂੰ ਲਿਖ ਰਹੀ ਹੁੰਦੀ ਹੈ
ਤਾਂ ਮੇਰਾ ਲਿਸ਼ਕਿਆ ਹੋਇਆ ਦਫ਼ਤਰ
ਇੱਕ ਕੋਠਾ ਬਣ ਜਾਂਦਾ ਹੈ,
ਜਿੱਥੇ ਵੇਸਵਾ ਵਰਗੀਆਂ ਫ਼ਾਈਲਾਂ ਉੱਤੇ
ਦਸਤਖ਼ਤ ਕਰਦਿਆਂ
ਮੈਂ ਏਡਜ਼ ਦਾ ਇਸ਼ਤਿਹਾਰ ਸਿਰਜ ਰਿਹਾ ਹੁੰਦਾ ਹਾਂ

ਮੈਂ ਅੱਧਸੁੱਤੀਆਂ ਜੇਬਾਂ ਵਿਚ ਬੰਦ ਪਈ
ਦੇਸੋਂ ਆਈ ਚਿੱਠੀ ਦੀ ਬੇਚੈਨੀ ਹਾਂ
ਅਨਪੜ੍ਹ ਪਾਸਪੋਰਟਾਂ ਨਾਲ ਵਿਆਹੀਆਂ
ਦੇਸੀ ਡਿਗਰੀਆਂ ਦੀ ਨਿਮੋਸ਼ੀ ਹਾਂ
ਨਿਆਣਿਆਂ ਅਤੇ ਟੀ ਵੀ ਵਿਚਕਾਰ
ਭੁਰ ਰਹੀ ਮਾਂ ਦਾ ਪਰਛਾਵਾਂ ਹਾਂ

ਮੈਂ ਅੱਜ ਕੱਲ ਕਵਿਤਾ ਨਹੀਂ ਲਿਖਦਾ

Academy of the Punjab in North America: http://www.apnaorg.com

# ਤਾਜ ਮਹੱਲ

ਹਰ ਸ਼ਾਹ ਜਹਾਨ ਆਪਣੇ ਆਪਣੇ ਥੈਲੇ 'ਚ
ਤਾਜ ਮਹੱਲ ਪਾਕੇ ਨਿਕਲਦਾ ਹੈ
ਕੀ ਪਤਾ
ਕਿਹੜੇ ਮੋੜ 'ਤੇ ਮੁਮਤਾਜ਼ ਮਿਲ ਜਾਵੇ

ਮੁਮਤਾਜ਼ਾਂ ਅਕਸਰ
ਇੰਝ ਹੀ ਮਿਲ ਜਾਂਦੀਆਂ ਨੇ
ਜਾਣੇ-ਪਛਾਣੇ ਫੁੱਟਪਾਥਾਂ ਉੱਤੇ
ਪਿਛਲੇ ਸਾਲਾਂ ਦੇ ਅਖ਼ਬਾਰ ਫ਼ਰੋਲਦੀਆਂ ਹੋਈਆਂ
ਜੋ ਹਰ ਰੋਜ਼ ਵਿਕ ਜਾਂਦੇ ਨੇ
ਸੱਜਰੀਆਂ ਤਾਰੀਖ਼ਾਂ ਪਹਿਨਕੇ

ਮੁਮਤਾਜ਼ਾਂ ਇੰਝ ਹੀ ਮਿਲਦੀਆਂ ਨੇ
ਬੰਦ ਹੋਈਆਂ ਰੈਸਟੋਰੈਂਟਾਂ ਦੇ ਸਿਰਨਾਵੇਂ
ਖਾਲੀ ਪਰਸਾਂ ਵਿਚ ਟੋਲਦੀਆਂ ਹੋਈਆਂ
ਜਾਂ ਆਉਣ ਵਾਲੀ ਰਾਤ ਦੀ ਠਾਰੀ ਨੂੰ
ਠਰ ਰਹੀ ਕਾਫੀ 'ਚ ਘੋਲਦੀਆਂ ਹੋਈਆਂ
ਮੁਮਤਾਜ਼ਾਂ ਇੰਝ ਹੀ ਮਿਲਦੀਆਂ ਨੇ.....

ਰਾਤ ਦਾ ਕੀ ਹੈ
ਬੜੇ ਅਰਾਮ ਨਾਲ ਕੱਟੀ ਜਾ ਸਕਦੀ ਹੈ
ਥੈਲੇ ਵਿਚ ਤਹਿ ਕੀਤੇ
ਤਾਜ ਮਹੱਲ ਦੇ ਝਾਉਲੇ ਉੱਤੇ
ਜਿੱਥੇ ਅੰਦਰ ਦੇ ਸ਼ੋਰ ਤੋਂ
ਵਧੀਆ ਬਚਾਅ ਹੋ ਜਾਂਦਾ ਹੈ
ਸੁਪਨਿਆਂ ਦੀ ਉਡੀਕ ਵਿੱਚ ਜਾਗਦਿਆਂ ਰਹਿਕੇ

ਸੁਪਨੇ ਵੀ ਤਾਂ ਖ਼ੂਬਸੂਰਤ ਥੈਲੇ ਹੀ ਨੇ
ਪਰ ਇਨ੍ਹਾਂ ਦੇ ਥੱਲੇ ਨਹੀਂ
ਸਿਰਫ਼ ਤਣੀਆ ਹੁੰਦੀਆਂ ਨੇ
ਜਿਨ੍ਹਾਂ ਨਾਲ ਫਾਹਾ ਲੈ ਕੇ
ਪੂਰੀ ਉਮਰ
ਲਗਾਤਾਰ ਮਰਿਆ ਜਾ ਸਕਦਾ ਹੈ

Academy of the Punjab in North America: http://www.apnaorg.com

ਤਾਜ ਮਹੱਲ ਬੜਾ ਹੀ ਸਸਤਾ ਹੋ ਗਿਆ ਹੈ
ਥਾਂ ਥਾਂ ਵਿਕਦੀ ਜ਼ਮੀਰ ਵਾਂਗੂੰ
ਇਹ ਹੁਣ
ਬੜੀ ਹੀ ਅਸਾਨੀ ਨਾਲ ਉਸਰ ਜਾਂਦਾ ਹੈ
ਦਿਲਕਸ਼ ਨਾਅਰਿਆਂ ਵਾਂਗੂੰ
ਜੋ ਕੰਨਾਂ ਨੂੰ ਜਿੰਦਰਿਆਂ ਵਿਚ ਬਦਲ ਕੇ
ਚਾਬੀ ਲਈ ਸੁਰਾਖ਼ ਹੀ ਨਹੀਂ ਰਖਦੇ
ਤੇ ਜਿੰਦਰਾ ਬਣੇ ਕੰਨਾਂ ਨੂੰ ਕੁਝ ਵੀ ਨਹੀਂ ਸੁਣਦਾ
ਕਲੰਡਰਾਂ ਉਤਲੇ ਤਾਜ ਮਹੱਲਾਂ ਦੇ
ਗੁੰਬਦਾਂ 'ਚੋਂ ਆਉਂਦੀ
ਬੇਆਵਾਜ਼ ਗੂੰਜ ਤੋਂ ਇਲਾਵਾ

ਅਸਲ ਵਿਚ ਆਪਾਂ ਸਾਰੀ ਉਮਰ
ਖ਼ੁਦ ਹੀ ਝੜਦੇ ਰਹਿੰਦੇ ਹਾਂ
ਤਾਜ ਮਹੱਲ ਦੇ ਝਾਉਲਿਆਂ ਉੱਤੋਂ
ਜਾਲੇ ਝਾੜਦੇ ਝਾੜਦੇ
ਤੇ ਥੱਲਿਓਂ ਸੱਖਣੇ ਥੈਲਿਆਂ 'ਚ
ਤਾਜ ਮਹੱਲ ਦੇ ਝਾਉਲੇ ਪਾ ਕੇ ਨਿੱਕਲ ਪੈਂਦੇ ਹਾਂ
ਲੰਘ ਚੁੱਕੀਆਂ ਬੱਸਾਂ ਨੂੰ ਉਡੀਕਦੀਆਂ
ਮੁਮਤਾਜ਼ਾਂ ਦੀ ਤਲਾਸ਼ ਵਿਚ
ਤੇ ਮੁਮਤਾਜ਼ਾ ਅਕਸਰ
ਇੰਝ ਹੀ ਮਿਲ ਜਾਂਦੀਆਂ ਨੇ.....

Academy of the Punjab in North America: http://www.apnaorg.com

# ਜੁੱਤੀਆਂ

ਜੁੱਤੀਆਂ ਖ਼ਰੀਦਣ ਵੇਲੇ
ਗਾਹਕ ਬੇਮੁਰੰਮਤ ਸੜਕਾਂ ਵੀ ਖ਼ਰੀਦਦੇ ਨੇ
ਉੱਖੜੇ ਹੋਏ ਸਾਹਾਂ ਨਾਲ
ਉਮਰਾਂ ਨੂੰ ਘੜੀਸਣ ਲਈ

ਮੁਰੰਮਤ ਹੋਈਆਂ ਸੜਕਾਂ ਉੱਤੇ ਤਾਂ
ਅਣਟੁੱਟੀਆਂ ਕਿਸ਼ਤਾਂ ਦੌੜਦੀਆਂ ਨੇ
ਹਫ਼ੀਆਂ ਹੋਈਆਂ ਕਾਰਾਂ ਨੂੰ
ਠਿੱਬੀਆਂ ਲਾਉਣ ਲਈ
ਜਾਂ ਮੁਰੰਮਤ ਹੋਈਆਂ ਸੜਕਾਂ ਉੱਤੇ
ਅਖ਼ਬਾਰ ਦੌੜਦੇ ਨੇ
ਘਾਣ ਹੋਈਆਂ ਖ਼ਬਰਾਂ ਨੂੰ
ਡਾਲਰਾਂ 'ਚ ਲਪੇਟਣ ਲਈ

ਬੇਮੁਰੰਮਤ ਸੜਕਾਂ ਉੱਤੇ
ਪਿਚਕੇ ਹੋਏ ਬਟੂਏ ਰੀਂਗਦੇ ਨੇ
ਸੇਲ ਦੇ ਇਸ਼ਤਿਹਾਰਾਂ ਦੀ
ਖਚਰੀ ਮੁਸਕਾਣ ਤੋਂ ਟਲਦੇ ਹੋਏ
ਜਾਂ ਬੇਮੁਰੰਮਤ ਸੜਕਾਂ ਉੱਤੇ
ਰੁਜ਼ਗਾਰ ਦਫ਼ਤਰ ਦਾ ਸੰਨਾਟਾ ਛਣਕਦਾ ਹੈ
ਖ਼ੌਫਜ਼ਦਾ ਦਰਖ਼ਤਾਂ ਦੇ ਖੇਲ ਨੂੰ
ਪਰਚਾਉਣ ਲਈ

ਜਾਂ ਬੇਮੁਰੰਮਤ ਸੜਕਾਂ ਉੱਤੇ
ਟੁੱਟੀਆਂ ਹੋਈਆਂ ਮੌਰਗੇਜਾਂ ਘੁਮਦੀਆਂ ਨੇ
ਘਰਾਂ 'ਚੋਂ ਭਜਾਈ ਹੋਈ ਨੀਂਦ ਨੂੰ
ਚੂਪਣ ਲਈ

ਵਕੀਲਾਂ ਦੀਆਂ ਨਹੁੰਦਰਾਂ 'ਚ ਤੜਫ਼ਦੇ
ਉਹਨਾਂ ਘਰਾਂ 'ਚ ਵਗਦੀਆਂ ਨੇ
ਬੇਮੁਰੰਮਤ ਸੜਕਾਂ
ਜਿੱਥੇ ਬੱਸ ਉਨੀਂਦਰੇ ਦਾ ਵਾਸਾ ਹੈ

Academy of the Punjab in North America: http://www.apnaorg.com

ਜਾਂ ਨੀਂਦ ਦੀ ਉਡੀਕ 'ਚ
ਧੌਲੇ ਹੋ ਗਏ ਸੁਪਨਿਆਂ ਦਾ

ਬੈਡਰੂਮਾਂ ਵਿੱਚ ਠਰੇ ਹੋਏ ਸਿਰਹਾਣੇ ਸੌਂਦੇ ਨੇ
ਤੇ ਜਾਗਦੇ ਨੇ ਬੀਅਰ ਵਿਚ ਭਿੱਜੇ ਪਰਛਾਂਵੇਂ
ਮਾਈਕਰੋਵੇਵ ਵਿਚ ਬਟੂਆ ਭੁਜਦਾ ਹੈ
ਤੇ ਫ਼ਰਿੱਜ ਵਿਚ ਕੁਲਫ਼ਦਾ ਹੈ
ਛਿੱਲਿਆ ਹੋਇਆ ਬੰਦਾ

ਮਾਈਕਰੋਵੇਵ ਅਸਲ ਵਿਚ
ਸ਼ਮਸ਼ਾਨਘਾਟ ਦਾ ਹੀ ਦੂਸਰਾ ਨਾਮ ਹੈ
ਤੇ ਫ਼ਰਿੱਜ, ਬੈਡਰੂਮ ਦਾ

ਜੁੱਤੀਆਂ ਪਹਿਨਣ ਤੋਂ ਬਾਦ
ਇਨਸਾਨ ਅਧੈਰਾ ਹੋ ਜਾਂਦਾ ਹੈ
ਤੇ ਇੱਕ ਅੰਨ੍ਹੇ ਸਫ਼ਰ 'ਤੇ ਤੁਰ ਪੈਂਦੀਆਂ ਨੇ
ਆਪਣੇ ਆਪ ਨੂੰ ਹੀ ਮਿਧਦੀਆਂ ਹੋਈਆਂ ਜੁੱਤੀਆਂ

Academy of the Punjab in North America: http://www.apnaorg.com

# ਇਹ

ਰਾਤ ਦੇ ਸ਼ੁਰੂ ਹੋਣ 'ਤੇ
ਇਹ ਆਪਣਾ ਦਿਨ ਸ਼ੁਰੂ ਕਰਦੀਆਂ ਨੇ
ਸਟਰੀਟ ਲਾਈਟਾਂ ਦੇ ਪੁਆਂਦੀ
ਜਿੱਥੇ ਇਹਨਾਂ ਨੂੰ ਜਗਣਾ ਪੈਂਦਾ ਹੈ
ਹਨੇਰੇ ਕਮਰਿਆਂ 'ਚ ਬੁਝ ਜਾਣ ਲਈ

ਇਹ ਕੱਪੜੇ ਪਹਿਨਦੀਆਂ ਨੇ
ਨੰਗੀਆਂ ਹੋਣ ਲਈ
ਤੇ ਨੰਗੀਆਂ ਹੁੰਦੀਆਂ ਨੇ
ਕੱਪੜੇ ਪਹਿਨਣ ਲਈ
ਇਹ ਖ਼ੂਬ ਜਾਣਦੀਆਂ ਨੇ
ਕਿ ਖ਼ਤਰਨਾਕ ਨੰਗੇਜ
ਅਸਲ ਵਿਚ ਰੂਹਾਂ 'ਚ ਹੁੰਦਾ ਹੈ
ਕਿ ਸ਼ਰੀਫ਼ ਪਹਿਰਾਵੇ
ਜਿਸਮ ਦੀ ਸ਼ਰਾਫ਼ਤ ਦੀ
ਲਾਜ਼ਮੀ ਨਿਸ਼ਾਨੀ ਨਹੀਂ ਹੁੰਦੇ

ਇਨ੍ਹਾਂ ਲਈ
ਬੱਚੇ ਆਂਡਿਆਂ ਵਿੱਚੋਂ ਨਿਕਲਦੇ ਨੇ
ਤੇ ਆਂਡੇ ਬੱਚਿਆਂ ਵਿੱਚੋਂ
ਇਹ ਸ਼ਰੀਫ਼ ਪਹਿਰਾਵਿਆਂ ਨੂੰ
ਆਂਡਿਆਂ ਮਾਤਰ ਛਿਲਦੀਆਂ ਨੇ
ਤੇ ਆਪਣੇ ਅਣ-ਜਨਮੇਂ ਬੱਚਿਆਂ ਦੇ
ਗਲ੍ਹਾਂ 'ਚ ਝਾੜ ਦੇਂਦੀਆਂ ਨੇ

ਇਹ ਦਿਲ ਨੂੰ ਬਟੂਏ ਵਿਚ ਰਖਦੀਆਂ ਨੇ
ਤੇ ਬਟੂਏ ਨੂੰ ਦਿਲ ਵਿਚ
ਉਂਝ
ਨਾਂ ਇਹਨਾਂ ਕੋਲ ਦਿਲ ਹੀ ਰਹਿੰਦਾ ਹੈ
ਤੇ ਨਾਂ ਬਟੂਆ ਹੀ

ਇਹ ਤਾਜ਼ੇ ਹੈਮ-ਬਰਗਰਾਂ ਵਿਚ
ਆਪਣੇ ਬੇਹੇ ਅੰਗ ਚਿਣ ਕੇ ਖਾਂਦੀਆਂ ਨੇ

Academy of the Punjab in North America: http://www.apnaorg.com

ਤੇ ਬੀਅਰ ਦੀਆਂ ਠੰਡੀਆਂ ਬੋਤਲਾਂ 'ਚੋਂ
ਆਪਣੀ ਡੁੱਲ੍ਹੀ ਹੋਈ ਉਮਰ ਪੀਂਦੀਆਂ ਨੇ

ਉਂਝ ਇਹ ਸਿਰਫ਼
ਧੁੰਨੀ ਤੋਂ ਗੋਡਿਆਂ ਦੇ ਵਿਚਕਾਰ ਹੀ ਜੀਂਦੀਆਂ ਨੇ
ਮਰਦ ਦੇ ਜਿਸਮ 'ਤੇ ਉੱਗੀ ਛੈਣੀ ਲਈ
ਛੈਣੀ, ਜੋ ਮਰਦ ਦੇ ਲਹੂ 'ਚ
ਲਗਾਤਾਰ ਰੀਂਗਦੀ ਹੈ
ਤੱਤੇ ਲੋਹ-ਚੂਣ ਦੀਆਂ ਵਿੱਠਾਂ ਖਿਲਾਰਦੀ ਹੋਈ

ਇਹਨਾਂ ਦੇ ਖਸਤਾ ਅੰਗਾਂ 'ਚ
ਮਲਕਾ ਦੀਆਂ ਤਸਵੀਰਾਂ ਵਾਲੇ ਕਾਗਜ਼ ਛਪਦੇ ਨੇ
ਇਹਨਾਂ ਦੀਆਂ ਪਾਟੀਆਂ ਅੰਗੀਆਂ 'ਚੋਂ
ਸ਼ੈਕਸਪੀਅਰ ਦੇ ਡਰਾਮਿਆਂ ਦਾ ਘੱਟਾ ਕਿਰਦਾ ਹੈ
ਇਹਨਾਂ ਦੇ ਘਸ ਚੁੱਕੇ ਬੁੱਲ੍ਹਾਂ 'ਚ
ਦਾਸ ਕੈਪੀਟਲ ਦੀ ਸੁਆਹ ਉਡਦੀ ਹੈ
ਇਹਨਾਂ ਦੀਆਂ ਮੁਸ਼ਕੀਆਂ ਕੱਛੀਆਂ 'ਚ
ਚੰਦ ਉੱਤੇ ਮਨੁੱਖਾਂ ਸਮੇਤ ਅੱਪੜੀ ਰੇੜ੍ਹੀ ਦਾ
ਮਲਬਾ ਵਿਲਕਦਾ ਹੈ
ਇਹਨਾਂ ਦੀਆਂ ਪਾਰਦਰਸ਼ੀ ਪੈਂਟੀਹੋਜ਼ਾਂ 'ਚ
ਮਾਈਕਰੋ ਕੰਪਿਊਟਰਾਂ ਦਾ ਕਬਰਸਤਾਨ ਹੂੰਗਦਾ ਹੈ
ਇਹਨਾਂ ਦੇ ਉੱਚ-ਅੱਡੀਏ ਸੈਂਡਲਾਂ ਨੂੰ
ਸੀ. ਐਨ. ਟਾਵਰ ਬਹੁਤ ਮਧਰਾ ਹੋ ਕੇ ਮਿਲਦਾ ਹੈ

ਆਓ ਇਹਨਾਂ ਕੰਜਕਾਂ ਨੂੰ ਸਲਾਮ ਕਰੀਏ,
ਤੇ ਆਪਣੀਆਂ ਆਪਣੀਆਂ ਧੀਆਂ ਦੇ
ਚਿਹਰਿਆਂ ਉੱਤੋਂ ਤੁਵਾਇਫ਼ਾਂ ਝਾੜੀਏ

Academy of the Punjab in North America: http://www.apnaorg.com

# ਘਰਾਂ ਦੇ ਉਸਰਨ ਤੋਂ ਪਹਿਲਾਂ.....

ਘਰਾਂ ਦੇ ਉਸਰਨ ਤੋਂ ਪਹਿਲਾਂ
ਉਸਰ ਪੈਂਦੇ ਨੇ ਜਿੰਦਰੇ
ਵਿਆਹ-ਕਾਰਡਾਂ ਤੋਂ ਪਹਿਲਾਂ ਹੀ
ਛਪ ਜਾਂਦੇ ਨੇ ਤਲਾਕਨਾਮੇ
ਬੱਚਿਆਂ ਤੋਂ ਪਹਿਲਾਂ
ਸੰਗਲੀਆਂ ਜਨਮਦੀਆਂ ਨੇ
ਚੂਚਿਆਂ ਤੋਂ ਪਹਿਲਾਂ
ਨਿੱਕਲਦੀਆਂ ਨੇ ਛੁਰੀਆਂ
ਤੇ ਗੱਡੀਆਂ ਤੋਂ ਪਹਿਲਾਂ
ਹਾਦਸੇ ਰਿੜ੍ਹ ਪੈਂਦੇ ਨੇ

ਰੋਟੀ ਦੀ ਬੁਰਕੀ ਤੋੜਦਾ ਹਾਂ
ਤਾਂ ਛੁਰੀ ਕਾਂਟਾ ਤੜਫ਼ਣ ਲੱਗ ਪੈਂਦੇ ਨੇ
ਕਲਮ ਉਠਦਿਆਂ ਹੀ
ਸਿਰਹਾਣੇ ਬੈਠਾ ਟੈਲੀਫ਼ੋਨ ਚੀਕ ਪੈਂਦਾ ਹੈ
ਬਿਸਤਰੇ ਉੱਤੇ ਜ਼ੱਰਾਬਕਤਰ ਉਤਾਰਾਂ
ਤਾਂ ਮੌਰਗੇਜ ਹਿਣਕ ਉਠਦੀ ਹੈ

ਮੌਰਗੇਜ ਰਖ਼ੇਲ ਹੈ
ਕੋਕਾ ਕੋਲਾ ਦੇ ਲੇਬਲ ਦੀ
ਤੇ ਧਰਤੀ ਇਸ ਮੁਲਕ 'ਚ ਅੱਜ ਕੱਲ੍ਹ
ਮੌਰਗੇਜ ਦੇ ਉਦਾਲੇ ਹੀ ਘੁੰਮਦੀ ਹੈ
ਚੰਦ ਚਿਟ ਲੈ ਕੇ ਚੜ੍ਹਦਾ ਹੈ
ਕੋਕਾ ਕੋਲਾ ਦੀ ਬੋਤਲ ਤੋਂ
ਰਾਤ ਵਿੱਚ ਚਸਕਦੇ ਤਾਰੇ
ਅਸਲ ਵਿੱਚ
''ਟਰਾਂਟੋ ਸਟਾਰ''[1] ਦੇ ਕਾਲਮਾਂ 'ਚ
ਲੁਕੇ ਹੋਏ ਕੀੜੇ ਨੇ
ਜੋ ਤੋਤਲੇ ਸੁਪਨਿਆਂ ਤੋਂ ਲੈਕੇ
ਬਣਾਉਟੀ ਦੰਦਾਂ ਦੀ ਪੀੜ ਤੀਕਰ
ਲਗਾਤਾਰ ਰੀਂਗਦੇ ਨੇ
ਤੇ ਸੂਰਜ ਸਿਰਫ਼ ਬੀਮਾ ਕੰਪਨੀਆਂ ਦੇ

Academy of the Punjab in North America: http://www.apnaorg.com

ਕੰਪਿਊਟਰਾਂ ਵਿੱਚ ਹੀ ਉਦੇ ਹੁੰਦਾ ਹੈ
ਜੇਬਤਰਾਸ਼ੀ ਲਈ ਸਿਰਜੇ ਹਥਿਆਰਾਂ ਨੂੰ
ਪਾਣ ਚਾੜ੍ਹਨ ਲਈ

ਅਸਲ ਵਿਚ ਆਪਾਂ ਨਿੱਕੇ ਨਿੱਕੇ ਜ਼ਖ਼ਮ ਹਾਂ
ਜੋ ਤੁਪਕਾ ਤੁਪਕਾ ਸਿੰਮਕੇ
ਖਾਲੀਆਂ ਤੋਂ ਨਾਲੇ ਬਣਦੇ ਹਾਂ
ਤੇ ਨਾਲਿਆਂ ਤੋਂ ਦਰਿਆ
ਵੱਡੇ ਵੱਡੇ ਸਮੁੰਦਰਾਂ 'ਚ ਹਜ਼ਮ ਹੋਣ ਲਈ

ਵੱਡੇ ਵੱਡੇ ਸਮੁੰਦਰ
ਬੇਅ ਤੇ ਕਿੰਗ[2] ਦੇ ਚੁਬਾਰਿਆਂ 'ਚ
ਅਰਾਮ ਫ਼ਰਮਾਉਂਦੇ ਨੇ
ਜਿੱਥੇ ਉਨ੍ਹਾਂ ਦੇ ਪਾਸਾ ਪਰਤਣ ਨਾਲ
ਸਾਰੇ ਮੁਲਕ ਦੀਆਂ ਕੰਧਾਂ 'ਤੋਂ
ਤਸਵੀਰਾਂ ਡਿੱਗ ਪੈਂਦੀਆਂ ਨੇ
ਤੇ ਸਟੋਰਾਂ ਵਿੱਚ ਵਿਕਦੀਆਂ ਚੀਜ਼ਾਂ
ਇੱਕ ਇੱਕ ਸ਼ੈਲਫ਼ ਉਤਾਂਹ ਚੜ੍ਹ ਜਾਂਦੀਆਂ ਨੇ
ਜਿਨ੍ਹਾਂ ਨੂੰ ਲਹੁਣ ਲਈ ਅੱਡੀਆਂ ਚੁਕਦਿਆਂ
ਸਾਰਾ ਮੁਲਕ ਹੀ ਤਿਲਕਣ ਲੱਗ ਪੈਂਦਾ ਹੈ....

[1] ਟਰਾਂਟੋਂ ਸਟਾਰ : ਕਨੇਡਾ ਦੇ ਸ਼ਹਿਰ ਟਰਾਂਟੋ ਦੀ ਵੱਡੀ ਰੋਜ਼ਾਨਾ ਅਖ਼ਬਾਰ

[2] ਬੇਅ ਅਤੇ ਕਿੰਗ : ਟਰਾਟੋ ਦੇ ਡ਼ਾਊਨ ਟਾਊਨ ਦਾ ਮਸ਼ਹੂਰ ਚੁਰਸਤਾ ਜਿਸ ਦੇ ਆਲੇ ਦੁਆਲੇ ਸੈਂਕੜੇ ਮੰਨਜ਼ਲੀਆਂ ਇਮਾਰਤਾਂ ਦਾ ਸੰਘਣਾ ਜੰਗਲ ਹੈ; ਇਹਨਾਂ ਇਮਾਰਤਾਂ ਵਿੱਚ ਵੱਡੇ ਵੱਡੇ ਤਜਾਰਤੀ ਅਦਾਰਿਆਂ ਦੇ ਦਫ਼ਤਰ ਹਨ ਜਿੱਥੋਂ ਉਹ ਦੁਨੀਆਂ ਭਰ ਦੇ ਵਪਾਰ ਨੂੰ ਘੁਮਾਉਂਦੇ ਹਨ।

Academy of the Punjab in North America: http://www.apnaorg.com

# ਗੋਰੀ ਦਾਹੜੀ

(ਸੱਤਰਵਿਆਂ ਵਿਚ ਕਨੇਡਾ ਦੇ ਨਸਲਵਾਦੀ ਗੋਰੇ, ਹਿੰਦ-ਪਾਕੀ ਅਵਾਸੀਆਂ ਦੇ ਦਰਵਾਜ਼ਿਆਂ ਉੱਤੇ ਆਂਡੇ ਭੰਨ ਕੇ ਆਪਣੀ ਨਫਰਤ ਦਾ ਵਖਾਵਾ ਕਰਦੇ ਸਨ)

ਕੁਝ ਆਂਡੇ
ਸਿਰਫ਼ ਦਰਵਾਜ਼ਿਆਂ ਉੱਤੇ ਹੀ ਟੁਟਦੇ ਨੇ
ਜਿਵੇਂ ਕੁਝ ਉਂਗਲਾਂ
ਸਿਰਫ਼ ਖੁਰਕ ਲਈ ਹੀ ਖੁਲ੍ਹਦੀਆਂ ਨੇ
ਤੇ ਕੁਝ ਮੂੰਹ ਸਿਰਫ਼ ਉਗਾਲੀ ਲਈ
ਜਾਂ ਚੂਇੰਗ-ਗਮ ਦੇ ਪਚਾਕਿਆਂ ਲਈ....

ਵਿਰਲਿਆਂ ਵਿਰਲਿਆਂ ਨੂੰ ਹੀ ਸੁਣਦੀਆਂ ਨੇ
ਭੈਭੀਤ ਦਰਵਾਜ਼ਿਆਂ ਉੱਤੇ ਡੁੱਲ੍ਹੀਆਂ
ਸ਼ਰਾਰਤੀ ਦਸਤਕਾਂ
ਜਿਨ੍ਹਾਂ ਵਿਚਲੇ ਤਰਲ ਚੂਚੇ
ਘਰ-ਵਾਸੀਆਂ ਦੇ ਸਿਰਾਂ ਨੂੰ
ਨਿਰਵਿਘਨ ਠੂੰਗਦੇ ਰਹਿੰਦੇ ਨੇ

ਠੂੰਗਿਆਂ ਦੀ ਠੱਕ ਠੱਕ ਨੂੰ ਭੁਲਾਉਣ ਲਈ
ਘਰ-ਵਾਸੀ ਜਾਂ ਤਾਂ
ਬਟੂਏ 'ਚੋਂ ਗੈਰਹਾਜ਼ਰ ਭਾਨ ਨੂੰ
ਖੜਕਾਉਣ ਲਗਦੇ ਨੇ
ਜਾਂ ਸ਼ੀਸ਼ੀ 'ਚ ਸੁੱਤੀਆਂ
ਐਨਾਸੀਨ ਦੀਆਂ ਗੋਲੀਆਂ ਨੂੰ

ਗਾਹੇ-ਬਗਾਹੇ
ਮੈਂ ਉਸ ਸ਼ਰਾਰਤੀ ਪੇਂਟ ਬਾਰੇ ਵੀ ਸੋਚਦਾ ਹਾਂ
ਜੋ ਸ਼ਾਨਦਾਰ ਮੂਰਤਾਂ ਬਣ ਸਕਦਾ ਹੈ
ਬੇਵੱਸ ਕੰਧਾਂ ਦਾ ਮਖ਼ੌਲ ਉਡਾਉਣ ਲਈ
ਮੇਰੀ ਲਿਸ਼ਕਦੀ ਕਾਰ ਉੱਤੇ ਗਾਲ੍ਹਾਂ ਤਾਂ
ਕੋਈ ਵੀ ਬੇਕਾਰ ਚੀਜ਼ ਝਰੀਟ ਸਕਦੀ ਹੈ

ਇੰਝ ਅਕਸਰ ਹੀ ਸੋਚਦਾਂ ਹਾਂ ਮੈਂ
ਭੂਰੀਆਂ ਅੱਖਾਂ 'ਵਾਲੇ ਚਿੱਟੇ ਰੋੜਿਆਂ ਬਾਰੇ ਵੀ

Academy of the Punjab in North America: http://www.apnaorg.com

ਜੋ ਮਖਣੱਈ ਹਨੇਰੇ 'ਚੋਂ
ਮੇਰੀਆਂ ਬੇਪਰਦ ਖਿੜਕੀਆਂ ਉੱਤੇ
ਵਿਅਰਥ ਹੀ ਵਜਦੇ ਰਹਿੰਦੇ ਨੇ
ਉਹ ਨਹੀਂ ਜਾਣਦੇ ਕਿ ਭਰਮ ਟੁੱਟ ਜਾਣ ਮਗਰੋਂ
ਆਲੇ ਦੁਆਲੇ 'ਚ ਕੁਝ ਵੀ ਸਾਬਤ ਨਹੀਂ ਰਹਿੰਦਾ

ਤੇ ਅਕਸਰ ਹੀ
ਮੇਰੀ ਖੋਪਰੀ ਨੂੰ ਫਰੋਲਦੇ ਰਹਿੰਦੇ ਨੇ
ਆੜੂਆਂ ਰੰਗੇ ਪਿਲਪਿਲੇ ਜਿਹੇ ਪੰਜੇ
ਜਿੰਨ੍ਹਾਂ ਦੀ ਮੁੱਠੀ ਵਿਚੋਂ ਵਿਚਕਾਰਲੀ ਉਂਗਲ*
ਮੇਰੀ ਪੋਚਵੀਂ ਪਗੜੀ ਨੂੰ ਦੇਖਦਿਆਂ ਹੀ
ਉਸ ਸੀ. ਐਨ. ਟਾਵਰ ਵਾਂਗ ਤਣ ਜਾਂਦੀ ਹੈ
ਜਿਸਦੀ ਬੌਨੀ ਚੋਟੀ ਉੱਤੋਂ
ਬਿਨਾਂ ਚੜ੍ਹਿਆਂ ਹੀ
ਮੈਂ ਸੈਂਕੜੇ ਵਾਰ ਗਿਰਿਆ ਹਾਂ

ਹਾਂ, ਮੇਰੇ ਅੰਦਰ
ਹਰ ਵਕਤ ਹੀ ਟੁਟਦੇ ਰਹਿੰਦੇ ਨੇ
ਦਰਵਾਜ਼ੇ ਉੱਤੇ ਚਿਪਕੇ ਹੋਏ ਆਂਡਿਆਂ ਦੇ ਛਿਲਕੇ
ਜਿਨ੍ਹਾਂ 'ਚ ਘੁਲੀਆਂ ਹੋਈਆਂ ਬਾਂਗਾਂ
ਬੇਜ਼ੁਬਾਨ ਬੂਹਿਆਂ ਉੱਤੇ
ਧਰਾਲਾਂ ਬਣਕੇ ਹੀ ਸੁੱਕ ਜਾਂਦੀਆਂ ਨੇ

ਅਣਦਿੱਤੀਆਂ ਬਾਂਗਾਂ ਨੂੰ
ਨਾ ਤਾਂ ਹੁਣ
ਭਟਕੇ ਹੋਏ ਰਾਹੀਆਂ ਦਾ ਉਨੀਂਦਰਾ ਹੀ ਉਡੀਕਦਾ ਹੈ
ਨਾ ਡਿਜੀਟਲ ਘੜੀਆਂ ਦੀ
ਖ਼ੌਫ਼ਨਾਕ ਖ਼ਾਮੋਸ਼ੀ ਹੀ

---

*ਮੀਚੀ ਹੋਈ ਮੁੱਠੀ ਦੀ ਵਿਚਕਾਲੀ ਉਂਗਲ ਸਿੱਧੀ ਖੜੀ ਕਰ ਕੇ ਦਿਖਾਉਣੀ, ਨਾਰਥ ਅਮਰੀਕਾ ਵਿਚ, ਤਣਿਆ ਹੋਇਆ ਲਿੰਗ ਕੱਢ ਕੇ ਦਿਖਾਉਣ ਦਾ ਇਕ ਅਸ਼ਲੀਲ ਇਸ਼ਾਰਾ ਹੈ।

Academy of the Punjab in North America: http://www.apnaorg.com

ਦਰਵਾਜ਼ੇ ਅੱਗੇ ਖਿੱਲਰੇ ਛਿਲਕਿਆਂ ਨੂੰ
ਆਪਣੀਆਂ ਆਂਦਰਾਂ ਵਿੱਚੋਂ
ਜਦੋਂ ਮੈਂ ਤਿਊੜੀਆਂ ਨਾਲ ਪਟਦਾ ਹਾਂ
ਤਾਂ ਵੀਹ ਸਾਲ ਦਾ
ਘੂਕ ਸੁੱਤਾ ਰਾਮੂਵਾਲਾ ਜਾਗ ਪੈਂਦਾ ਹੈ
ਅਛੂਤਾਂ ਦੀ ਬਸਤੀ ਵਿਚੋਂ
ਮੇਰੇ ਪੁਰਖ਼ਿਆਂ ਦੀ ਗੰਦਗੀ ਨੂੰ
ਮੇਰੀ ਸਾਊ ਜਾਪਦੀ ਦਾਹੜੀ 'ਚ ਥੁੱਕਣ ਲਈ

ਹੁਣ ਮੈਂ ਬਹੁਤ ਡਰਨ ਲੱਗ ਪਿਆ ਹਾਂ
ਆਪਣੀ ਰੰਗੀ ਹੋਈ ਸਿਆਹ ਦਾਹੜੀ ਤੋਂ
ਜੋ ਪੱਥਰੀਲੀਆਂ ਕੁਹਾੜੀਆਂ ਤੋਂ ਲੈ ਕੇ
ਟਰੈਕਟਰਾਂ ਦੀ ਚੜਚੋਲ੍ਹੜ ਤੀਕਰ
ਵਾਲ ਵਾਲ ਗੋਰੀ ਹੈ

Academy of the Punjab in North America: http://www.apnaorg.com

# ਫ਼ਰਿੱਜ ਵਿਚ ਸੌਂਦਾ ਆਦਮੀ

ਪਲੰਘ ਦੀ ਠਾਰੀ ਤੋਂ ਡਰਦਾ
ਉਹ ਅੱਜ ਕੱਲ੍ਹ ਫ਼ਰਿੱਜ ਵਿਚ ਸੌਂਦਾ ਹੈ
ਤੇ ਕੁਲਫ਼ੀ ਹੋ ਗਏ ਸੁਪਨਿਆਂ ਨੂੰ
ਨਰਮਾਉਣ ਲਈ
ਆਈਸ-ਕਿਊਬਾਂ ਦੀ ਟਕੋਰ ਕਰਦਾ ਰਹਿੰਦਾ ਹੈ

ਪਲੰਘ ਦੀ ਠਾਰੀ ਤੋਂ ਬਚਣ ਲਈ
ਉਹ ਬਹੁਤ ਦੌੜਿਆ ਵੀ ਹੈ
ਇਸ ਮੁਲਕ ਦੀ ਬਹੁਤੀ ਅਬਾਦੀ ਵਾਂਗਰਾਂ
ਜੋ ਅਕਸਰ
ਆਪਣੇ ਮੱਥਿਆਂ ਵਿਚ ਹੀ ਦੌੜਦੀ ਹੈ
ਬੈਂਕ-ਕਾਪੀਆਂ ਵਿਚੋਂ ਉੱਡ ਰਹੇ
ਸੁਪਨਿਆਂ ਦੀਆਂ ਵਿੱਠਾਂ 'ਤੇ ਤਿਲਕਦੀ ਹੋਈ
ਜਾਂ ਲਾਟਰੀ ਦੀਆਂ ਟਿਕਟਾਂ ਉੱਤੋਂ
ਗ਼ੈਰ-ਹਾਜ਼ਰ ਘਰਾਂ ਦੇ ਮਲਬੇ ਫਰੋਲਦੀ ਹੋਈ
ਜਾਂ ਜਨਮ-ਦਿਨਾਂ ਦੇ ਜਸ਼ਨਾਂ ਨੂੰ
ਐਨਾਸੀਨ ਦੀਆਂ ਗੋਲੀਆਂ ਨਾਲ ਮਨਾਉਂਦੀ ਹੋਈ
ਤੇ ਜਾਂ ਉੱਧਲ ਗਈ ਨੀਂਦ ਦੀਆਂ ਪੈੜਾਂ
ਬੀਅਰ ਦੀਆਂ ਖਾਲੀ ਬੋਤਲਾਂ ਵਿਚ ਸੁੰਘਦੀ ਹੋਈ...

ਪਰ ਆਪਣੇ ਮੱਥੇ 'ਚ
ਉਹ ਆਪਣੇ ਬਿਸਤਰੇ ਉੱਤੇ ਹੀ
ਲਗਾਤਾਰ ਕਈ ਸਾਲ ਦੌੜਿਆ ਹੈ
ਸਾਹ ਕੁ ਦੇ ਫ਼ਾਸਲੇ 'ਤੇ ਸੁੱਤੀ
ਬਰਫ਼ ਦੀ ਢੇਰੀ ਤੋਂ ਅੱਖ ਬਚਾਕੇ

ਬਿਸਤਰੇ 'ਚ ਸੁੱਤੀ ਠਾਰੀ ਕੋਲੋਂ
ਆਪਣੇ ਆਪ ਨੂੰ ਘੜੀਸਦਾ ਹੋਇਆ
ਉਂਝ ਓਹ ਜਦੋਂ ਵੀ ਦੌੜਿਆ ਹੈ
ਤਾਂ ਨਾਲ ਦੇ ਕਮਰੇ ਵਿਚ ਘੂਕ ਸੁੱਤੇ
ਰਬੜ ਦੇ ਖਿਡਾਉਣਿਆਂ 'ਚ ਹੀ ਪਹੁੜਿਆ ਹੈ

Academy of the Punjab in North America: http://www.apnaorg.com

ਬੜੇ ਬਲਵਾਨ ਹੁੰਦੇ ਨੇ
ਰਬੜ ਦੇ ਇਹ ਤੋਤਲੇ ਜਿਹੇ ਖਿਡਾਉਣੇ
ਕਿ ਦੁਫਾੜ ਹੋਏ ਬੈਡਰੂਮਾਂ ਨੂੰ
ਕਿਰੂੰ-ਕਿਰੂੰ-ਕਰਦੇ ਅੱਧਰੂਆਂ ਨਾਲ ਹੀ ਜੋੜੀ ਰਖਦੇ ਨੇ
ਕਿ ਪਲੰਘ ਦੇ ਵਿਚਕਾਰ
ਉੱਬਲਦੇ ਦਰਿਆ ਨੂੰ
ਗ਼ੈਰ-ਹਾਜ਼ਰ ਹੌਕਿਆਂ ਨਾਲ ਹੀ ਠਾਰੀ ਰਖਦੇ ਨੇ

ਟੁੱਟੀਆਂ ਸੂਈਆਂ ਵਾਲੀ
ਟਿਕ ਟਿਕ ਕਰਦੀ ਘੜੀ ਵਾਂਗੂੰ
ਉਹ ਹੁਣ ਦੌੜਦਾ ਵੀ ਹੈ
ਤੇ ਖਲੋਤਾ ਵੀ
ਉਂਝ ਕਦੇ ਕਦੇ
ਉਸਦੇ ਅੰਦਰ
ਇੱਕ ਅਲਾਰਮ ਜਿਹਾ ਚੀਖ਼ਦਾ ਹੈ
ਪਰ ਸੂਈਆਂ ਦੀ ਗ਼ੈਰਹਾਜ਼ਰੀ 'ਚ
ਨਾ ਵਕਤ ਉਸਨੂੰ ਦਿਸਦਾ ਹੈ
ਨਾ ਉਹ ਵਕਤ ਨੂੰ

ਤੇ ਪਲੰਘ ਦੀ ਠਾਰੀ ਤੋਂ ਬਚਣ ਲਈ
ਉਹ ਬੱਸ ਫ਼ਰਿੱਜ ਵਿਚ ਹੀ ਸੁੱਤਾ ਰਹਿੰਦਾ ਹੈ

Academy of the Punjab in North America: http://www.apnaorg.com

# ਬਿਜਲੀਆਂ

ਹੁਣ ਮਹਿਬੂਬ ਦਿਲ ਅੰਦਰ
ਜ਼ਰਾ ਏਦਾਂ ਹੀ ਰਹਿੰਦੀ ਹੈ
ਰਬੜ ਦੇ ਵੇਸ ਵਾਲੀ ਤਾਰ ਦੇ ਅੰਦਰ
ਅਦਿਸਦੀ ਧਾਰ ਬਿਜਲੀ ਦੀ
ਜਿਵੇਂ ਖ਼ਾਮੋਸ਼ ਵਹਿੰਦੀ ਹੈ

ਰਬੜ ਦੇ ਵੇਸ ਅੰਦਰ ਜੇ ਛੁਪੀ ਹੋਵੇ
ਤਾਂ ਬਿਜਲੀ ਕੁਝ ਨ ਕਹਿੰਦੀ ਹੈ
ਨਾ ਆਵਾ-ਗਵਣ ਖਹਿੰਦੀ ਹੈ
ਨਾ ਕਣ ਵਾਂਗੂੰ ਕਿਸੇ ਨੇਤਰ 'ਚ
ਬਣ ਕੇ ਰੜਕ ਪੈਂਦੀ ਹੈ
ਵਿਰੋਧੀ ਤਾਰ ਦੇ ਸੰਗ ਵੀ
ਭਰੀ ਗਲਵੱਕੜੀ ਵਿੱਚ ਲਿਪਟ ਰਹਿੰਦੀ ਹੈ

ਜ਼ਿਮੀ ਅੰਦਰ ਦਬੀ ਹੋਵੇ
ਜਾਂ ਕੰਧਾਂ ਵਿੱਚ ਚਿਣੀ ਹੋਵੇ
ਸਜ਼ਾ ਹਰ ਰੰਗ ਦੀ ਨੂੰ ਇਹ
ਬਿਨਾ ਇਤਰਾਜ਼ ਸਹਿੰਦੀ ਹੈ
ਰਬੜ ਦੇ ਵੇਸ ਅੰਦਰ ਜੇ ਛੁਪੀ ਹੋਵੇ....

ਰਬੜ ਦੇ ਵੇਸ 'ਚੋਂ ਬਿਜਲੀ
ਹਨੇਰੇ ਦਿਲਾਂ 'ਤੇ ਚਾਨਣ ਫੁਹਾਰੇ ਡੋਲ੍ਹ ਦੇਂਦੀ ਹੈ
ਲਹੂ ਵਾਂਗੂੰ ਠਰੇ ਬੈਠੇ ਜੋ ਟੀ.ਵੀ. ਰੇਡੀਓ ਹੋਵਣ
ਉਹਨਾਂ ਦੀ ਦੇਹ 'ਚ
ਨਿੱਘੀ ਛਲਕਦੀ ਧੁਨ ਘੋਲ ਦੇਂਦੀ ਹੈ
ਤੇ ਠਾਕੀ ਜੀਭ ਵਾਂਗੂੰ ਸੁੱਤੀਆਂ ਖ਼ਾਮੋਸ਼ ਟੇਪਾਂ ਦਾ
ਇਹ ਤੰਦੂਆ ਖੋਲ੍ਹ ਦੇਂਦੀ ਹੈ
ਉਹਨਾਂ ਦੀ ਚੁੱਪ ਨੂੰ ਜਦ ਏਹ
ਸਿਤਾਰਾਂ ਤਬਲਿਆਂ ਸੁਰੰਗੀਆਂ ਦੇ ਬੋਲ ਦੇਂਦੀ ਹੈ

ਜੇ ਬਿਜਲੀ ਦੀ ਰਤਾ ਵੀ ਹਾਜ਼ਰੀ ਕਿਧਰੇ
ਰਬੜ ਦੇ ਪਰਦਿਓਂ ਅਣਭੇਤ ਹੋ ਜਾਵੇ
ਜਦੇ ਹੀ ਮਾਂਗ ਦੇ ਉੱਤੇ

Academy of the Punjab in North America: http://www.apnaorg.com

ਸੰਧੂਰੀ ਰੰਗ ਦੀ ਚੁਟਕੀ
ਹਥਾਉੜਾ ਮੇਖ ਹੋ ਜਾਵੇ
ਡਰੈਸਰ 'ਤੇ ਪਿਆ
ਸੁਰਮਾ ਦੰਦਾਸਾ ਰੇਤ ਹੋ ਜਾਵੇ
ਸ਼ਗਨ ਦਾ ਛਾਪ ਛੱਲਾ ਵੀ
ਉਦਾਲੇ ਉਂਗਲੀ ਦੇ ਲਿਪਟਿਆ
ਇੱਕ ਪੇਚ ਹੋ ਜਾਵੇ
ਤਲੀ 'ਤੇ ਖਿੜ ਰਹੀ ਮਹਿੰਦੀ 'ਚ
ਮਿਰਚੀ ਸੇਕ ਹੋ ਜਾਵੇ
ਦੁਬਿਸਤਰ ਪਲੰਘ ਦੇ ਵਿਚਕਾਰਲੇ ਪਾਸੇ
ਅਨੇਕਾਂ ਮੀਲ ਚੌੜਾ ਛੇਕ ਹੋ ਜਾਵੇ
ਅੱਧਾ ਪਲੰਘ
ਅੱਧੇ ਪਲੰਘ ਲਈ ਪਰਦੇਸ ਹੋ ਜਾਵੇ
ਵਕੀਲਾਂ ਦੀ ਬੈਂਕ ਦਾ
ਬਹੁਤ ਦਾ ਮੋਟਾ ਪੇਟ ਹੋ ਜਾਵੇ

ਬੜੇ ਹੀ ਬਿਸਤਰੇ ਨੇ ਜਿਨ੍ਹਾਂ ਦੇ ਉੱਤੇ
ਰਬੜ ਦਾ ਵੇਸ ਪਾ ਕੇ ਸੌਂਦੀਆਂ
ਬੇ 'ਰਾਮ ਤਾਰਾਂ ਨੇ
ਸੇਜ 'ਤੇ ਲਿਪਟੀਆਂ ਤਾਰਾਂ ਦੇ ਅੰਦਰ
ਬਿਜਲੀਆਂ ਵਾਂਗੂੰ
ਅਦਿਸਦੇ ਮਰਦ ਵਹਿੰਦੇ ਨੇ
ਵਹਿੰਦੀਆਂ ਗੁਪਤ ਨਾਰਾਂ ਨੇ

Academy of the Punjab in North America: http://www.apnaorg.com

## ਘਰ

ਕੁਝ ਕੰਧਾਂ ਅਤੇ ਕਮਰੇ
ਤੇ ਤਿਲ ਭਰ ਧਰਤ ਦੀ ਕਾਤਰ
ਜੇ ਘਰ ਏਦਾਂ ਹੀ ਬਣਦਾ ਹੈ
ਤਾਂ ਇੱਕ ਘਰ ਦਾ ਤਾਂ ਸ਼ਾਇਦ
ਮੈਂ ਵੀ ਮਾਲਕ ਹਾਂ

ਮੈਂ ਇਸ ਘਰ ਵਿਚ ਨਹੀਂ ਵਸਦਾ
ਇਦ੍ਹੇ ਅੰਦਰ
ਸਿਰਫ਼ ਮਿੱਟੀ ਮਿਰੀ ਜਾਂਦੀ ਤੇ ਆਉਂਦੀ ਹੈ
ਠੰਡੇ ਪੇਟ ਨੂੰ ਕੋਲੇ ਖੁਵਾਉਂਦੀ ਹੈ
ਤਨ ਤੋਂ ਬੋਅ ਪਸੀਨੇ ਦੀ
ਬੜੀ ਕਾਹਲੀ 'ਚ ਲਹੂੰਦੀ ਹੈ
ਤੇ ਅੰਡਿਆਂ ਵਾਂਗ ਤਿੜਕੇ ਸੁਪਨਿਆਂ ਦੀ
ਤਿਲਕਵੀਂ ਤਿਤਲੀ
ਮਿਰੀ ਮਿੱਟੀ 'ਚ ਪਲ ਭਰ ਫ਼ੜ-ਫ਼ੜਾਉਂਦੀ ਹੈ

ਮੈਂ ਇਸ ਘਰ ਵਿਚ ਨਹੀਂ ਵਸਦਾ
ਸਗੋਂ ਇਹ ਘਰ ਮਿਰੇ ਅੰਦਰ
ਬੜੀ ਹੀ ਸ਼ਾਨ ਸ਼ੌਕਤ ਨਾਲ ਵਸਦਾ ਹੈ
ਇਹ ਮਾਲਕ ਹੈ ਤੇ ਮੈਨੂੰ ਤਾਂ
ਇਹ ਬਰਖ਼ੁਰਦਾਰ ਨੌਕਰ ਵਾਂਗਰਾਂ
ਸੇਵਾ 'ਚ ਰਖਦਾ ਹੈ

ਇਨੂੰ ਚੁੱਪ ਚਾਪ ਰਹਿ ਕੇ ਹੀ
ਟਹਿਲ ਸੇਵਾ ਕਮਾਵਣ ਦੀ
ਬੜੀ ਤਰਕੀਬ ਆਉਂਦੀ ਹੈ
ਮਿਰੀ ਨਿੱਕੀ ਜਿਹੀ ਟਬਰੀ ਦਿਨੇ ਰਾਤੀਂ
ਇਦ੍ਹੇ ਖ਼ਾਮੋਸ਼ ਹੁਕਮਾਂ ਵਿੱਚ ਭਾਉਂਦੀ ਹੈ
ਕਦੇ ਚਰਨਾਂ 'ਚ ਬਹਿੰਦੀ ਹੈ
ਕਦੇ ਇਸ ਦੀ ਸੜੀ ਤਿਊੜੀ ਹਟਾਉਂਦੀ ਹੈ
ਕਦੇ ਸਿਰ 'ਤੇ ਬਿਠਾਉਂਦੀ ਹੈ
ਕਦੇ ਗੋਦੀ 'ਚ ਇਸ ਨੂੰ ਥਾਪ ਕੇ

Academy of the Punjab in North America: http://www.apnaorg.com

ਲੋਰੀ ਸੁਣਾਉਂਦੀ ਹੈ
ਤੇ ਆਪਣੀ ਬੇਅਰਾਮੀ 'ਚੋਂ
ਇਦ੍ਹੇ ਲਈ ਛਣਕਣੇ ਖੇਡਾਂ ਬਣਾਉਂਦੀ ਹੈ

ਮਿਰੀ ਟਬਰੀ ਤਾਂ
ਆਪਣੇ ਸੁੱਤ-ਉਨੀਂਦੇ ਚਿਹਰਿਆਂ 'ਤੋਂ
ਰੌਣਕਾਂ ਲਾਹਕੇ
ਇਦ੍ਹੇ ਸਭ ਕਮਰਿਆਂ ਵਿਚ
ਮੂਰਤਾਂ ਬੂਟੇ ਸਜਾਉਂਦੀ ਹੈ
ਆਪਣੇ ਕਿਰ ਰਹੇ ਥੱਕੇ ਸਰੀਰਾਂ 'ਤੋਂ
ਸੁਬਕ ਰੋਮਾਂ ਸਣੇ ਚਮੜੀ ਨੂੰ ਲਹੁੰਦੀ ਹੈ
ਇਦ੍ਹੇ ਵਿਹੜੇ 'ਚ
ਘਾਹ ਦੀ ਮਖ਼ਮਲੀ ਚਾਦਰ ਵਿਛਾਉਂਦੀ ਹੈ
ਤੇ ਮੈਨੂੰ ਸਮਝ ਨਹੀਂ ਪੈਂਦੀ
ਕਿ ਮੇਰਾ ਘਰ ਜਿਓਂਦਾ ਹੈ
ਕਿ ਜਾਂ ਟਬਰੀ ਜਿਓਂਦੀ ਹੈ

ਘਰ ਦਾ ਸਾਜ਼ਸ਼ੀ ਸਾਇਆ
ਮਿਰੇ 'ਤੇ ਅਣਪਛਾਤੇ ਵਾਰ ਕਰਦਾ ਹੈ
ਮਿਰੀ ਲੀਰਾਂ ਬਣੀ ਹੋਈ
ਉਧਾਰੀ ਨੀਂਦ ਦੇ ਉੱਤੇ ਵੀ ਸੜਦਾ ਹੈ
ਅਦਿਸਦੀ ਜੀਭ ਦਾ ਕੋਲਾ
ਮਿਰੇ ਮੱਥੇ 'ਚ ਧਰਦਾ ਹੈ

ਇਹ ਘਰ ਦਾ ਸਾਜ਼ਸ਼ੀ ਸਾਇਆ
ਮਿਰੀ ਹਰ ਰੋਜ਼ ਸੁੰਗੜਦੀ
ਬੈਂਕ-ਕਾਪੀ 'ਚ ਬਹਿਕੇ ਹੌਂਕਦਾ ਹੈ
ਮਿਰੀ ਵਿਸੁਕੀ ਨੂੰ ਚੁਸਕਣ ਦੀ
ਨਵੀਂ ਟਾਈ ਖ਼ਰੀਦਣ ਦੀ
ਅਤੇ ਹਫ਼ਤੇ ਕੁ ਖ਼ਾਤਰ ਵਤਨ ਪਰਤਣ ਦੀ
ਹਰ ਫੁਟਦੀ ਤ੍ਰਿਸ਼ਨਾ ਨੂੰ ਅਵਾਰਾ ਭੌਂਕਦਾ ਹੈ

Academy of the Punjab in North America: http://www.apnaorg.com

ਚਿਤਾ ਵਰਗੇ ਜਦੋਂ ਮੌਸਮ 'ਚ
ਸੂਰਜ ਦਾ ਹਲਕਿਆ ਸ਼ੇਰ ਬੁਕਦਾ ਹੈ
ਮਿਰਾ ਘਰ ਮਗਜ਼ ਮੇਰੇ ਦੀ
ਫ਼ਿਕਰ ਵਿਚ ਬਰਫ਼ ਹੋ ਚੱਲੀ
ਹਰਕਤ ਪਿਲਪਿਲੀ ਜੇਹੀ 'ਚ ਲੁਕਦਾ ਹੈ
ਤੇ ਜਦ ਝੀਲਾਂ ਤੇ ਨਦੀਆਂ ਦਾ
ਪਲਸਤਰ ਹੋ ਗਿਆ ਪਾਣੀ
ਹਵਾ ਦੇ ਸੀਤ ਖ਼ੰਜਰ ਨੂੰ
ਬਰਫ਼ 'ਤੇ ਰੇਤਦਾ ਹੈ
ਮਿਰਾ ਘਰ ਠੁਰਕਦਾ ਹੋਇਆ
ਜਗਾਕੇ ਤਾਪ ਮੇਰੇ ਨੂੰ
ਮਜ਼ੇ ਨਾ' ਸੇਕਦਾ ਹੈ

ਮਿਰਾ ਮਾਲਕ ਮਿਰਾ ਘਰ ਹੈ
ਮਿਰਾ ਬਾਲਕ ਮਿਰਾ ਘਰ ਹੈ
ਮੈਂ ਘਰ ਦਾ ਬਾਪ ਵੀ ਲਗਦਾਂ
ਮੈਂ ਘਰ ਦੀ ਮਾਲਕੀ ਦੀ ਰਾਖ਼ ਵੀ ਲਗਦਾਂ

Academy of the Punjab in North America: http://www.apnaorg.com

# ਦਿਨ

ਏਥੇ ਦਿਨ ਨਹੀਂ ਚੜ੍ਹਦਾ
ਸਿਰਫ਼ ਸੂਰਜ ਹੀ ਚੜ੍ਹਦਾ ਹੈ
ਦਿਨ ਤਾਂ ਕੇਵਲ ਸ਼ੁਰੂ ਹੁੰਦਾ ਹੈ
ਤੇ ਦਿਨ ਕਦੇ ਵੀ ਸ਼ੁਰੂ ਹੋ ਸਕਦੈ...

ਅਲਸਾਏ ਜਿਹੇ ਤੜਕੇ
ਤਿਲਕਵੀਂ ਨੀਂਦ ਦੇ ਸੂਖ਼ਮ ਹੁਲਾਰੇ 'ਤੇ
ਨੀਂਦ ਦੇ ਮਸਾਂ ਹੀ ਭਰਦੇ ਗੁਬਾਰੇ 'ਤੇ
ਅਲਾਰਮ ਅਚਨਚੇਤੀ ਬੁਰਕ ਭਰਦਾ ਹੈ
ਤਾਂ ਛਿੱਲੇ ਜ਼ਖ਼ਮ ਵਾਂਗੂੰ
ਦਿਨ ਅਚਾਨਕ ਵਗਣ ਲਗਦਾ ਹੈ...

ਵਗਦੇ ਦਿਨ 'ਚ ਸਾਲਮ ਆਦਮੀ
ਧੁਰ ਤੀਕ ਖੁਰਦਾ ਹੈ
ਅਤੇ ਦਿਨ ਜਾਲ ਫੜਕੇ
ਆਦਮੀ ਦੇ ਸਿਰ 'ਚ ਤੁਰਦਾ ਹੈ

ਲਹੂ ਦੇ ਵਾਂਗ ਵਗਦੇ ਦਿਨ ਦੀ
ਤਹਿ ਉੱਤੇ
ਖੁਰਦੇ ਆਦਮੀ ਦਾ ਖਿੰਡ ਰਿਹਾ
ਬਸ ਘਰ ਹੀ ਤਰਦਾ ਹੈ
ਜਾਂ ਤਰਦਾ ਖਾਤਿਆਂ ਵਿਚ ਸੌਂ ਰਿਹਾ
ਬੇਤਰਸ ਕਰਜ਼ਾ ਹੈ
ਜੁ ਬੰਦੇ ਦੇ ਲਹੂ 'ਚੋਂ
ਮਛਲੀਆਂ ਹਰ ਰੋਜ਼ ਫੜਦਾ ਹੈ
ਦਿਨ ਕਦੇ ਵੀ ਸ਼ੁਰੂ ਹੋ ਸਕਦੈ....

ਦਿਨ ਕਦੇ ਵੀ ਸ਼ੁਰੂ ਹੋ ਸਕਦੈ....
ਜਿਵੇਂ ਜਦ ਉਬਲਦਾ ਸੂਰਜ
ਅਪਾਰਟਮੈਂਟ ਦੇ ਪਥਰੀਲ ਖੋਪੜ 'ਤੇ
ਅੰਗਾਰੀ ਖੁਰਕ ਕਰਦਾ ਹੈ
ਦਿਨ ਕਈਆਂ ਦਾ ਉਸ ਵੇਲੇ
ਉਨੀਂਦੇ ਨੇਤਰਾਂ ਅੰਦਰ

Academy of the Punjab in North America: http://www.apnaorg.com

ਗਰਮ ਲੋਹੇ ਦੇ ਬੂਰੇ ਵਾਂਗ ਝੜਦਾ ਹੈ
ਤਿੜਕਦੇ ਸੁਪਨਿਆਂ ਵਿਚ ਜੁੜਦੀਆਂ
ਰੰਗੀਨ ਮੱਛੀਆਂ ਨੂੰ
ਆਪਣੇ ਖੁਰ੍ਹਦਰੇ ਹੱਥਾਂ 'ਚ ਮਲਦਾ ਹੈ
ਉਹਨਾਂ ਨੂੰ ਸੇਫ਼ਟੀ-ਬੂਟਾ 'ਚ ਭਰਦਾ ਹੈ
ਭਰੀ ਥਰਮੋਸ ਦੇ ਅੰਦਰ
ਗੁਆਚੇ ਸੁਪਨਿਆਂ ਦਾ ਅਕਸ ਸੜਦਾ ਹੈ
ਦਿਨ ਕਦੇ ਵੀ ਸੁਰੂ ਹੋ ਸਕਦੈ...

ਦਿਨ ਕਦੇ ਵੀ ਸ਼ੁਰੂ ਹੋ ਸਕਦੈ...
ਚਿੜੀਆਂ ਤੇ ਜਨੌਰਾਂ ਦੇ
ਅਪਣੇ ਆਹਲਣੇ ਨੂੰ ਮੁੜਨ ਦੇ ਵੇਲੇ
ਕਈਆਂ ਦਾ ਦਿਨ
ਉਨ੍ਹਾਂ ਦੀ ਪਿੱਠ 'ਤੇ ਕਾਠੀ ਟਿਕਾਉਂਦਾ ਹੈ
ਲਗਾਮਾਂ ਖਿੱਚ ਕੇ ਛਾਂਟਾ ਹਿਲਾਉਂਦਾ ਹੈ
ਤੇ ਦੁਖਦੇ ਸਿਰਾਂ ਵਿਚ ਸਿਰਤੋੜ ਭਜਦੀ
ਭੀੜ ਦੇ ਵਿਚ ਜਾ ਰਲਾਉਂਦਾ ਹੈ
ਨਾ ਪਲ ਭਰ ਰੁਕਣ ਦੇਂਦਾ ਹੈ
ਨਾ ਪਲ ਭਰ ਸਾਹ ਦਵਾਉਂਦਾ ਹੈ...

ਆਖ਼ਰ ਘਰ ਦੇ ਵੱਲੀਂ ਵਾਪਸੀ ਵੇਲੇ
ਥਾਪੀ ਤੋਂ ਬਿਨ੍ਹਾਂ ਕਿੱਲੇ ਖੜ੍ਹਾਉਂਦਾ ਹੈ
ਉਨ੍ਹਾਂ ਦੇ ਉਬਲਦੇ ਠੰਡੇ ਸਰੀਰਾਂ 'ਚੋਂ
ਉਨ੍ਹਾਂ ਨੂੰ ਉਨ੍ਹਾਂ ਦੇ ਹੀ ਖ਼ੂਨ ਦਾ
ਪਾਣੀ ਦਿਖਾਉਂਦਾ ਹੈ
ਉਨ੍ਹਾਂ ਦੇ ਮਾਸ ਦੀ ਸੰਨ੍ਹੀਂ ਰਲਾਉਂਦਾ ਹੈ
ਦਿਨ ਕਦੇ ਵੀ ਸ਼ੁਰੂ ਹੋ ਸਕਦੈ....

ਦਿਨ ਕਦੇ ਵੀ ਸ਼ੁਰੂ ਹੋ ਸਕਦੈ....
ਕਿ ਸੂਰਜ ਦੇ ਛਿਪਾਅ ਮਗਰੋਂ
ਜਦੋਂ ਰੌਣਕ ਬਜ਼ਾਰਾਂ ਦੀ
ਘਰਾਂ ਦੇ ਸੇਮ ਖਾਧੇ ਭੋਰਿਆਂ ਅੰਦਰ

Academy of the Punjab in North America: http://www.apnaorg.com

ਤੇ ਭੀੜੇ ਕਮਰਿਆਂ ਦੇ ਫੋੜਿਆਂ ਅੰਦਰ
ਠਰਕਦੀ ਲੁਕਣ ਲਗਦੀ ਹੈ
ਤਾਂ ਅੱਧ-ਨੰਗੇ ਅਵਾਜ਼ਾਂ ਮਾਰਦੇ ਤੇ ਛਲਕਦੇ ਹੋਏ
ਗੁਪਤ-ਅੰਗਾਂ ਦੀ ਨਦੀਆ
ਸ਼ਹਿਰ ਦੇ ਵਿਚ ਘੁਕਣ ਲਗਦੀ ਹੈ...

ਅੰਗਾਂ ਦੀ ਨਦੀ ਥੱਕੀ
ਭਰੀ ਹੋਈ ਉਨੀਂਦੇ ਦੀ
ਸਲਾਬ੍ਹੇ ਸਿਗਰਟੀ ਦਿਨ ਨੂੰ
ਪਰਸ 'ਚੋਂ ਬਾਹਰ ਕਢਦੀ ਹੈ
ਗੁਪਤ ਥਾਂਵਾਂ ਨੂੰ ਚੋਰੀ ਖੁਰਕਦੇ
ਚੌਰਸਤਿਆਂ ਮੂਹਰੇ
ਉਹ ਦਿਨ ਨੂੰ ਕੀੜਿਆਂ ਦੇ ਵਾਂਗ ਛਡਦੀ ਹੈ
ਤੇ ਸੂਰਜ ਚੜ੍ਹਨ ਤੱਕ ਭਰਪੂਰ ਵਗਦੀ ਹੈ

ਅਵਾਰਾ ਹੋਟਲਾਂ ਅੰਦਰ,
ਤੇ ਵਿਗੜੇ ਮੋਟਲਾਂ ਅੰਦਰ,
ਪਾਊਡਰ ਨੇਲ-ਪਾਲਸ਼ ਸੁਰਖ਼ੀਆਂ ਵਿਚ ਰਾਖ਼
ਹੋਈਆਂ ਮੁਸਕਰਾਹਟਾਂ ਨੂੰ,
ਕਿਰਾਏ ਵਾਸਤੇ ਤੱਯਾਰ ਲਾਸ਼ਾਂ ਨੂੰ
ਬਟੂਏ ਮਸਲਦੇ ਨੇ ਢੂੰਡਦੇ ਨੇ
ਤੇ ਸਾਰੀ ਰਾਤ ਜਿਸਮਾਂ ਦੀ ਨਦੀ ਅੰਦਰ
ਡਾਲਰ ਦੇ ਪਚਾਕੇ ਹੂੰਗਦੇ ਨੇ

ਹਰ ਕਿਸੇ ਦਾ ਦਿਨ
ਡਾਲਰੀ ਭੌਂਕਣੀ ਦੇ ਨਾਲ ਤੁਰਦਾ ਹੈ
ਡਾਲਰੀ ਭੌਂਕਣੀ ਤੋਂ ਸੱਖਣਾ
ਹਰ ਦਿਨ ਹੀ ਮੁਰਦਾ ਹੈ

ਦਿਨ ਕਦੇ ਵੀ ਸ਼ੁਰੂ ਹੋ ਸਕਦੇ...

Academy of the Punjab in North America: http://www.apnaorg.com

## ਬਰਫ਼

ਪਹਿਲੀ ਵਾਰੀ ਬਰਫ਼ ਨੇ
ਮੈਨੂੰ ਜਦੋਂ ਸੀ ਦੇਖਿਆ
ਮੁਸਕਰਾਈ
ਕਹਿਣ ਲੱਗੀ:
ਦੱਸ ਤੇਰਾ ਤਿੜਕਣਾਂ
ਕਿਸ ਪਾਸਿਓਂ ਹੋਵੇ ਸ਼ੁਰੂ

ਦੂਸਰੇ ਪਲ
ਮੇਰੀਆਂ ਸਭ ਡਿਗਰੀਆਂ ਸਾਟੀਫਕਿਟ
ਚੁੱਪ-ਚੁਪੀਤੇ ਰੋ ਪਏ
ਤੇ ਉਹਨਾਂ ਤੋਂ
ਨਾਮ ਨੰਬਰ ਹਰਫ਼ ਸਾਰੇ ਚੋਅ ਪਏ

ਨਾਮ ਨੰਬਰ ਦੀ ਜਗ੍ਹਾ
ਦੂਰ ਤਕ ਖੰਡਰਾਤ ਹੋਈਆਂ ਡਿਗਰੀਆਂ 'ਤੇ
ਮੇਰੀਆਂ ਪੱਗਾਂ ਪਜਾਮੇ
ਤੇ ਲਾਹੌਰੀ ਕੁੜਤਿਆਂ ਨੂੰ
ਆਪਣੇ ਸਿਰ ਹੇਠ ਲੈ ਕੇ
ਬਰਫ਼ ਸੀ ਸੁੱਤੀ ਪਈ
ਏਸ ਪਿੱਛੋਂ
ਮੇਰਿਆਂ ਪੈਰਾਂ 'ਚ ਸੜਕਾਂ ਲਿਪਟੀਆਂ
ਤੇ ਸੀਸ 'ਤੇ ਜੁੱਤੀ ਪਈ

ਪਹਿਨਕੇ ਸਿਰ 'ਤੇ ਜੁਰਾਬਾਂ ਬੂਟ ਭਾਰੇ
ਵਾਟ ਲੰਬੀ ਬਰਫ਼ ਦੀ ਹੁਣ ਤੀਕ ਮੈਂ ਤਾਂ
ਸੀਸ ਦੇ ਹੀ ਭਾਰ ਹੋ ਤੁਰਦਾ ਰਿਹਾ
ਆਪਣੀ ਜੀਭਾ ਕੁ ਜਿੰਨੀ
ਵਾਟ ਤੈਅ ਹੋਈ ਨਹੀਂ
ਰਾਤ ਦਿਨ ਮੈਂ
ਸੀਸ ਉਤੇ ਤੁਰਦਿਆਂ ਭੁਰਦਾ ਰਿਹਾ

ਸਦਾ ਹੀ ਮੰਜ਼ਿਲ ਮੇਰੇ ਤੋਂ.
ਸਾਹ ਕੁ ਜਿੰਨੀ ਦੂਰ ਰਹਿ ਜਾਂਦੀ ਰਹੀ

Academy of the Punjab in North America: http://www.apnaorg.com

ਨਹੁੰ ਕੁ ਜਿੰਨੇ ਫ਼ਾਸਲੇ 'ਤੇ
ਮੈਂ ਸਦਾ ਥੁੜਦਾ ਰਿਹਾ

ਪੇਟ ਮੇਰੇ 'ਤੇ ਮਸ਼ੀਨਾਂ ਕਾਰਖ਼ਾਨੇ
ਮਸ਼ਕਰੀ ਕਸਦੇ ਰਹੇ
ਰੈਸਟਰੈਂਟਾਂ ਦੇ ਪਤਿਤ ਚਮਚੇ, ਪਲੇਟਾਂ,
ਕਰਦ ਤੇ ਜੂਠੇ ਗਲਾਸ
ਮੇਰੀਆਂ ਉਂਗਲਾਂ 'ਚ ਮਰਦੀ
ਸ਼ਾਇਰੀ ਦੇ ਨਾਲ ਧੁਲਕੇ
ਲਿਸ਼ਕਦੇ ਹਸਦੇ ਰਹੇ
ਪੋਟਿਆਂ 'ਚੋਂ ਤਿਲਕਦੀ ਮੇਰੀ ਕਲਮ 'ਤੋਂ
ਸ਼ਾਇਰੀ ਚਟਦੇ ਰਹੇ

ਤੇ ਸਟੀਅਰਿੰਗ ਟੈਕਸੀ ਦਾ
ਧੌਣ ਮੇਰੀ ਦੇ ਪਿਛਾੜੀ
ਦੇਰ ਤੱਕ ਪੁੜਿਆ ਰਿਹਾ
ਰਾਤ ਦਿਨ ਸੜਕਾਂ ਦੇ ਉਤੇ ਖਿੰਡਰਦਾ
ਮੈਂ ਸਿਰਫ਼ ਬਟੂਏ 'ਚ ਹੀ ਜੁੜਿਆ ਰਿਹਾ
ਬਰਫ਼ ਮੇਰੀ ਪਿੱਠ 'ਤੇ ਬਹਿਕੇ
ਸਟੀਅਰਿੰਗ ਫੇਰਦੀ
ਖੂਹ ਬਣਾਕੇ ਗੇੜਦੀ
ਸੜਕ ਉਤੇ ਬੀਜਦੀ
ਤੇ ਬੈਂਕ ਅੰਦਰ ਕੇਰਦੀ

ਸ਼ਾਮ ਨੂੰ ਜਦ
ਜਿਸਮ ਘਰ ਮੁੜਦਾ ਮੇਰਾ ਤਾਂ
ਉਸ ਵਿਚ
ਇਕਬਾਲ ਬੱਸ ਕਿਣਕਾ ਕੁ ਹੁੰਦਾ
ਬਾਕੀ ਹੁੰਦਾ ਦੁੱਧ ਦਾ ਠਰਿਆ ਲਿਫ਼ਾਫ਼ਾ
ਸਹਿਮਿਆਂ ਹੋਇਆ
ਰਹਾਇਸ਼ ਦਾ ਕਿਰਾਇਆ
ਕਾਰ ਦੀ ਬੇਕਿਰਕ ਜੇਹੀ ਕਿਸ਼ਤ ਹੁੰਦੀ

Academy of the Punjab in North America: http://www.apnaorg.com

ਜਾਂ ਜੁਆਕਾਂ ਦੇ ਜੁਰਾਬਾਂ ਬੂਟ ਪੈਂਟਾਂ
ਜੈਕਟਾਂ ਦਾ ਦਰਦ ਹੁੰਦਾ
ਘਰ 'ਚ ਪੂਰਾ ਸਾਬਤਾ
ਇਕਬਾਲ ਨਾ ਮੁੜਿਆ ਕਦੇ

ਬਰਫ਼ ਹਸਦੀ ਮੁਸਕਰਾਉਂਦੀ
ਜੇਬ ਉਤੇ ਪੈਣ ਲਗਦੀ
ਸੇਜ ਉਤੇ ਪੈਣ ਲਗਦੀ
ਕਲਮ ਖੋਹ ਕੇ
ਪੜ੍ਹਨ ਵਾਲੇ ਮੇਜ਼ ਉਤੇ
ਠੁਰਠੁਰਾਂਦੀ ਬਹਿਣ ਲਗਦੀ

ਤਿਲ ਕੁ ਭਰ ਇਕਬਾਲ ਹਾਲੇ ਜੀ ਰਿਹਾ ਹੈ
ਜੋ ਤਰੇੜਾਂ ਸਿਰਜੀਆਂ ਨੇ ਬਰਫ਼ ਨੇ
ਠੁਰ-ਠੁਰਾਂਦੀ ਸ਼ਾਇਰੀ ਨਾ' ਸੀ ਰਿਹਾ ਹੈ

Academy of the Punjab in North America: http://www.apnaorg.com

# ਬਰਫ਼ ਦਾ ਗੀਤ

ਜਾਲ ਕੁੰਡੀਆਂ ਹੱਥਾਂ ਵਿਚ ਫੜਕੇ
ਬਰਫ਼ ਤੇਰੇ ਦੁਆਰ ਖੜ੍ਹੀ
ਕਿੱਥੇ ਜਾਏਂਗੀ ਨੀ ਨੰਗੀਏ ਸੜਕੇ
ਦਰਾਂ 'ਤੇ ਠੰਡ ਠਾਰ ਖੜ੍ਹੀ

ਤੂੰ ਮੁਸਾਫ਼ਰ ਬਣੀ
ਤੇ ਮਲਾਹ ਵੀ ਬਣੀ
ਟੁੱਟੀ ਕਿਸ਼ਤੀ ਤੂੰ ਆਪੇ
ਦਰਿਆ ਵੀ ਬਣੀ
ਏਥੇ ਰੁੱਖ ਟਿੱਬਿਆਂ ਵਿਚ ਗਰਕੇ
ਤੂੰ ਤਾਂ ਮੰਝਧਾਰ ਖੜ੍ਹੀ
ਕਿੱਥੇ ਜਾਏਂਗੀ ਨੀ ਨੰਗੀਏ ਸੜਕੇ
ਦਰਾਂ 'ਤੇ ਠੰਡ ਠਾਰ ਖੜ੍ਹੀ

ਭਰੇ ਕਮਰੇ ਤਿਰੀ
ਨੀਂਦ ਡੰਗਦੇ ਰਹੇ
ਖਾਲੀ ਬਟੂਏ ਉਨੀਂਦੇ 'ਚ
ਖੰਘਦੇ ਰਹੇ
ਘੁੱਟ ਉੱਖੜੀ ਨੀਂਦ ਦਾ ਭਰਕੇ
ਬੂਹੇ 'ਤੇ ਨਵੀਂ ਕਾਰ ਖੜ੍ਹੀ
ਕਿੱਥੇ ਜਾਏਂਗੀ ਨੀ ਨੰਗੀਏ ਸੜਕੇ
ਦਰਾਂ 'ਤੇ ਠੰਡ ਠਾਰ ਖੜ੍ਹੀ

ਘੁੱਟ ਮਿਲਦੇ ਗਲੇ
ਦੋਸਤਾਨੇ ਠਰੇ
ਹੱਥ ਰਹਿ ਗਏ ਨੇ ਬੱਸ
ਦਸਤਾਨੇਂ ਠਰੇ
ਯਾਰ ਮਿਲਦੇ ਕਲਾਵੇ ਭਰਕੇ
ਤੇ ਕੰਧ ਵਿਚਕਾਰ ਖੜ੍ਹੀ

ਕਿੱਥੇ ਜਾਏਂਗੀ ਨੀ ਨੰਗੀਏ ਸੜਕੇ
ਦਰਾਂ 'ਤੇ ਠੰਡ ਠਾਰ ਖੜ੍ਹੀ
ਜਾਲ ਕੁੰਡੀਆਂ ਹੱਥਾਂ ਵਿਚ ਫੜਕੇ
ਬਰਫ਼ ਤੇਰੇ ਦੁਆਰ ਖੜ੍ਹੀ

Academy of the Punjab in North America: http://www.apnaorg.com

# ਗੱਡੀ ਉੱਤੇ ਸਫ਼ਰ ਕਰਦਿਆਂ

ਮੇਰੀ ਜੇਬ 'ਚ
ਬਾਲਣ ਦੀ ਤੇ ਕੋਇਲੇ ਦੀ ਤਾਂ
ਸਦਾ ਸਦਾ ਹੀ ਥੋੜ ਰਹੀ
ਫਿਰ ਵੀ ਠੰਡੇ ਇੰਜਣ ਦੇ ਵਿਚ
ਉਂਗਲਾਂ ਡਾਹ ਕੇ
ਜਿਗਰ ਜਲਾ ਕੇ
ਮੱਥੇ ਦੇ ਦੀਵੇ ਨੂੰ ਥੋੜ੍ਹੀ ਚਿਣਗ ਛੁਹਾ ਕੇ
ਮੈਂ ਵੀ ਅੰਨ੍ਹੇਂ ਸਫ਼ਰਾਂ ਉਤੇ
ਆਖ਼ਰ ਗੱਡੀ ਤੋਰ ਲਈ

ਗੱਡੀ ਨੂੰ ਅੰਨ੍ਹੀਂ ਘਾਟੀ ਵੱਲ ਧਕਦੇ ਹੋਏ
ਚਾਰ ਚੁਫ਼ੇਰੇ ਜਦ ਮੈਂ ਤਕਦਾ ਹਫ਼ਦੇ ਹੋਏ
ਚਾਰ ਚੁਫ਼ੇਰਾ ਏਹੀ ਦਸਦਾ
ਕਿ ਪਟੜੀ ਦੀ ਛਾਤੀ ਦੇ ਹੈ
ਜਿਤਨਾਂ ਵੀ ਕੋਈ ਨੇੜੇ ਵਸਦਾ
ਉਤਨਾਂ ਛੇਤੀ ਗੱਡੀ ਕੋਲੋਂ
ਸਾਥ ਛੁਡਾ ਕੇ ਪਿੱਛੇ ਨਸਦਾ

ਅੰਨ੍ਹੀਂ ਘਾਟੀ ਵੱਲ ਦੌੜਦੀ ਗੱਡੀ ਉੱਤੋਂ
ਤਕਦਾ ਹਾਂ ਕਿ
ਪਟੜੀ ਦੀ ਬੁੱਕਲ ਵਿਚ ਵਸਦੇ
ਭਰੇ ਬਿਰਖ਼ ਹਮਸਾਏ ਖੰਭੇ
ਤੇ ਪਟੜੀ ਨੂੰ ਬਾਹਾਂ ਅੰਦਰ
ਆਸ਼ਕ ਵਾਂਗ ਵਗਲ ਕੇ ਰਖਦੇ ਫ਼ਾਟਕ ਨੰਗੇ
ਫ਼ਾਟਕ ਨੇ ਜੋ ਮੋਢੇ ਉੱਤੇ
ਸੁਰਮੇਦਾਰ ਨੇਤਰਾਂ ਵਰਗੇ ਦੀਵੇ ਟੰਗੇ
ਤੇ ਕੈਬਿਨ ਦੇ ਕੋਲ ਖਲੋਤੇ
ਬਿਰਧਾਂ ਜਿਹੇ ਪੁਰਾਣੇ ਝੰਡੇ
ਪਟੜੀ ਦੀ ਬੁੱਕਲ ਵਿਚ ਵਸਦੇ
ਸਭ ਦੋਸਤ ਹਮਸਾਏ ਆਸ਼ਕ ਛੋਟੇ ਵੱਡੇ
ਗੱਡੀ ਤੁਰਨ ਸਾਰ ਹੀ ਸਾਰੇ

Academy of the Punjab in North America: http://www.apnaorg.com

ਹੱਥ ਛੁਡਾ ਕੇ ਪਿੱਛੇ ਭੱਜੇ
ਮੁੜ ਨਾ ਲੱਭੇ

ਦੂਜੇ ਪਾਸੇ
ਦੂਰ ਦੁਮੇਲਾਂ ਉੱਤੇ ਜੋ ਚੁਪ ਚਾਪ ਖਲੋਤੇ
ਧੌਲਿਆਂ ਵਾਲੇ ਪਰਬਤ ਗੰਜੇ ਬਿਰਛ ਬਰੋਟੇ
ਹੌਕੇ ਭਰਦੀ ਗੱਡੀ ਦੇ ਦਿਲਦਾਰ ਸਰੋਤੇ
ਅੰਨ੍ਹੇ ਸਫ਼ਰ 'ਚ ਨਿਕਲੀ ਗੱਡੀ ਨਾਲ ਹਮੇਸ਼ਾਂ
ਦੂਰ ਤੀਕ ਵਾਹੋ ਦਾਹ ਨਸਦੇ
ਨਸਦੇ ਜਾਂਦੇ ਓਦੋਂ ਤੀਕਰ
ਜਦ ਤੀਕਰ ਨਾ ਪੂਰਾ ਥਕਦੇ
ਆਖ਼ਿਰ ਹੌਲੀ ਹੌਲੀ ਰੁਕਦੇ ਹਫ਼ਦੇ ਹਫ਼ਦੇ
ਹੋਰ ਕਦਮ ਜਦ ਟੁਰ ਨਾ ਸਕਦੇ

ਸੁੱਤੀ ਹੋਈ ਪਟੜੀ ਦੇ ਤਾਂ
ਜਿਤਨਾਂ ਵੀ ਕੋਈ ਨੇੜੇ ਵਸਦਾ
ਉਤਨਾ ਛੇਤੀ
ਅੰਨ੍ਹੇ ਸਫ਼ਰ 'ਚ ਨਿਕਲੀ ਹੋਈ ਗੱਡੀ ਕੋਲੋਂ
ਸਾਥ ਛੁਡਾ ਕੇ ਪਿੱਛੇ ਨਸਦਾ

Academy of the Punjab in North America: http://www.apnaorg.com

# ਪੌਣ ਨੂੰ ਮੈਲੀ ਕਰੋ ਨਾ

ਪੌਣ ਨੂੰ ਮੈਲੀ ਕਰੋ ਨਾ
ਪੌਣ ਨੂੰ ਮੈਲੀ ਕਰੋ ਨਾ

ਜੇ ਮੈਲੀ ਪੌਣ ਹੋ ਗਈ ਤਾਂ
ਗਲੀਆਂ ਤੇ ਘਰਾਂ ਵਿਚ ਕੌਣ ਛਿੜਕੇਗਾ ਅਸੀਸਾਂ
ਖੇਤਾਂ ਦੀ ਖਰੀ ਅਨਭੋਲਤਾ ਦੇ ਸੀਸ ਵਿੱਚੋਂ
ਚੁਣੇਗਾ ਕੌਣ ਚੀਸਾਂ
ਜੇ ਮੈਲੀ ਪੌਣ ਹੋ ਗਈ ਤਾਂ
ਘਰਾਂ ਵਿਚ ਆਦਮੀ ਬਲਦੇ ਮਿਲਣਗੇ
ਅਤੇ ਚੁੱਲ੍ਹਿਆਂ 'ਚ ਠਰੀਆਂ ਬੈਠੀਆਂ ਬੇਅਗਨ ਸੀਖਾਂ
ਬੁਝੇ ਕੋਇਲੇ ਹੀ ਬਣਨੇ ਨੇ
ਹਰਫ਼ ਤੋਂ ਸੱਖਣੀ ਸਾਡੇ ਸਮੇਂ ਦੀ ਮੂਕ ਡਾਇਰੀ
ਤੇ ਧੂੰਆਂ ਭਰੇਗਾ ਬੇਹੌਂਦ ਸਫਿਆਂ 'ਤੇ ਤਰੀਖ਼ਾਂ
ਇਹ ਜਿਸ ਨੂੰ ਫੇਫੜੇ ਵਿਚ ਰਿਦਮ ਦੇ ਕੇ ਗੇੜਦੀ ਹੈ
ਲਹੂ ਦੇ ਪੰਪ ਵਿਚ ਕਾਲਖ਼ ਭਰੇ ਨਾ
ਪੌਣ ਨੂੰ ਮੈਲੀ ਕਰੋ ਨਾ

ਕਿਤੇ ਜੇ ਹੋ ਗਈ ਇਹ ਪੌਣ ਮੈਲੀ
ਤਾਂ ਕੱਚੇ ਦਾਣਿਆਂ ਅੰਦਰ ਲੁਕੀ ਬੈਠੀ ਰਸੋਈ
ਸਣੇ ਥਾਲੀ ਤਵੇ ਦੇ ਰਾਖ਼ ਦੀ ਢੇਰੀ ਬਣੇਗੀ
ਵੜੇਵੇਂ ਦੀ ਗਿਰੀ ਵਿਚ ਸੌਂ ਰਹੀ
ਗੰਢ ਲੀੜਿਆਂ ਦੀ
ਅਮ੍ਰਿਤ ਹੀ ਹਵਾ ਦੀ ਮੈਲ ਦੇ ਹੇਠਾਂ ਜਲੇਗੀ
ਕਿਤੇ ਜੇ ਹੋ ਗਈ ਇਹ ਪੌਣ ਮੈਲੀ....

ਕਿਤੇ ਜੇ ਹੋ ਗਈ ਇਹ ਪੌਣ ਮੈਲੀ
ਤਾਂ ਤਾਜ਼ੇ ਆਂਡਿਆਂ ਵਿਚ ਜੋ ਘੁਲੀ ਹੋਈ ਹੈ ਹਾਲੇ
ਮੋਰ ਦੀ ਪੈਲ ਵੀ ਰੰਗਾਂ ਸਣੇ ਚੁੱਪ-ਚਾਂ ਸੜੇਗੀ
ਲਗਾਂ ਹਰਫ਼ਾਂ ਦੇ ਅੰਦਰ ਹੀ ਜੋ ਹਾਲੇ ਮਚਲਦੀ ਹੈ
ਉਸ ਸ਼ਾਇਰੀ ਦੀ ਕੋਰੇ ਕਾਗ਼ਜ਼ਾਂ 'ਤੇ ਛਾਂ ਸੜੇਗੀ
ਕਿਤੇ ਜੇ ਹੋ ਗਈ ਇਹ ਪੌਣ ਮੈਲੀ...

Academy of the Punjab in North America: http://www.apnaorg.com

ਅਸੀਸਾਂ ਦੀ ਸੁਰਾਹੀ ਪੌਣ ਦੇ ਹੱਥ ਰਹਿਣ ਦੇਵੋ;
ਕਣਕ ਨੂੰ ਚੂਰੀਆਂ ਚਾਰਾ ਤੇ ਚੋਗਾ ਹੋਣ ਦੇਵੋ
ਵੜੇਵੇਂ ਨੂੰ ਕਮੀਜ਼ਾਂ ਪਗੜੀਆਂ ਵਿਚ ਵਟਣ ਦੇਵੋ
ਸ਼ਾਇਰੀ ਨੂੰ ਤੇ ਪਾਇਲ ਮੋਰ ਦੀ ਨੂੰ
ਹਵਾ ਦੇ ਕਾਗਜ਼ਾਂ 'ਤੇ ਛਪਣ ਦੇਵੋ

ਪੌਣ ਨੂੰ ਮੈਲੀ ਕਰੋ ਨਾ...

Academy of the Punjab in North America: http://www.apnaorg.com

# ਖਿੰਡ ਗਏ ਨੇ...

ਖਿੰਡ ਗਏ ਨੇ ਸਾਉਣ ਦੇ ਬੱਦਲ
ਘਟਾਵਾਂ ਕਾਲੀਆਂ
ਰਹਿ ਗਈਆਂ ਬੋਹੜਾਂ ਦੀਆਂ ਛਾਂਵਾਂ
ਵੀ ਬਣ ਕੇ ਜਾਲੀਆਂ

ਠਰ ਗਏ ਸਭ ਖੇਤ ਦਫ਼ਤਰ
ਤੇ ਕਿਤਾਬਾਂ ਬਿਸਤਰੇ
ਤਾਪ ਵਾਲੇ ਤਨ ਤਪੰਦੇ
ਜਾਂ ਬੰਦੂਕੀ ਨਾਲੀਆਂ

ਨਜ਼ਮ ਦੀ ਥਾਂ ਲਿਸਟ 'ਤੋਂ
ਬੋਲੋ ਸਿਰਫ਼ ਸ਼ਾਇਰਾਂ ਦੇ ਨਾਮ
ਦਾਦ ਲਈ ਬੇਤਾਬ ਨੇ [illegible]
[illegible] ਸੰਤਾਲੀਆਂ

ਦਾਅਵਤਾਂ 'ਤੇ ਪਹੁੰਚਦੇ
ਫੜ ਛੈਣੀਆਂ ਮਹਿਮਾਨ ਹੁਣ
ਖਾਣਿਆਂ ਸੰਗ ਹੀ ਧਰੋ
ਛੇਕਣ ਲਈ ਕੁਝ ਥਾਲੀਆਂ

ਐਲਬਮ 'ਤੋਂ ਸ਼ਗਨ ਦਾ
ਗੋਟਾ ਨਾ ਜਲ ਜਾਵੇ ਕਿਤੇ
ਬਹੁਤ ਅਣਲਿਖੀਆਂ ਮੈਂ ਨਜ਼ਮਾਂ
ਦਿਲ 'ਚ ਹੀ ਨੇ ਜਾਲੀਆਂ

Academy of the Punjab in North America: http://www.apnaorg.com

## ਬਾਗ਼ ਜਾਂ ਫੁਲਵਾੜੀਆਂ

ਏਸ ਪਾਸੇ ਲਾਜ਼ਮੀਂ ਨੇ
ਬਾਗ਼ ਜਾਂ ਫੁਲਵਾੜੀਆਂ
ਰਾਖਿਆਂ ਦੇ ਕੋਲ ਨੇ
ਜੋ ਆਰੀਆਂ ਕੁਲਹਾੜੀਆਂ

ਲਿਪਟੀਆਂ ਤਾਲਾਕ ਦੇ ਕਾਗ਼ਜ਼ 'ਚ
ਛਾਪਾਂ ਮੁੰਦੀਆਂ
ਸੇਜ ਪਹਿਲੀ ਰਾਤ ਦੀ 'ਤੇ
ਬੈਠੀਆਂ ਇਉਂ ਲਾੜੀਆਂ

ਮਿਟ ਰਹੇ ਵਿਰਸੇ ਲਈ
ਦਰੀਆਂ ਅਤੇ ਫੁਲਕਾਰੀਆਂ
ਚੀਰ ਹਰਨੇ ਵਾਸਤੇ ਪਰ
ਸਾਂਭ ਲੈ ਕੁਝ ਸਾੜ੍ਹੀਆਂ

ਆਦਮੀ ਤੇ ਸੰਤਰੇ ਨੂੰ
ਜਿਲਦ ਤੋਂ ਹੇਠਾਂ ਵੀ ਦੇਖ
ਜ਼ਾਇਕੇ ਵੱਖਰੇ ਨੇ
ਪਰ ਇੱਕੋ ਤਰ੍ਹਾਂ ਨੇ ਫਾੜੀਆਂ

ਕੀ ਪਤਾ ਕਿਹੜੀ 'ਚੋਂ ਨਿਕਲੇ ਸਾਜ਼
ਤੇ ਕਿਹੜੀ 'ਚੋਂ ਨਾਗ
ਬਹੁਤਿਆਂ ਮੂੰਹਾਂ 'ਤੇ
ਹੁਣ ਤਾਂ ਉਗਦੀਆਂ ਨੇ ਝਾੜੀਆਂ

ਖੋਪੜੀ ਅੰਦਰ
ਉਬਾਲੀ ਰਖਦੀਆਂ ਖਾਮੋਸ਼ ਸ਼ੋਰ
ਟੁੰਡੀਆਂ ਬਾਹਾਂ 'ਚ ਵੀ
ਬਚ ਜਾਂਦੀਆਂ ਨੇ ਤਾੜੀਆਂ .

Academy of the Punjab in North America: http://www.apnaorg.com

# ਗੁਲੇਲ ਪਹਿਨ ਕੇ....

ਗੁਲੇਲ ਪਹਿਨ ਕੇ ਪੁੱਛਦਾ ਹਾਂ ਸੰਖੀਆਂ ਕੋਲੋਂ
ਕਿਵੇਂ ਮੈਂ ਉੜਨਾ ਸਿੱਖ ਸਕਾਂਗਾ ਪੰਛੀਆਂ ਕੋਲੋਂ

ਕਿ ਨਵਾਂ ਆਲ੍ਹਣਾਂ ਜ਼ਚੇਗਾ ਟਾਹਣ ਕਿਹੜੀ 'ਤੇ
ਮੈਂ ਹਰ ਤੂਫ਼ਾਨ ਬਾਦ ਪੁੱਛਿਆ ਬਿਜਲੀਆਂ ਕੋਲੋਂ

ਮੈਂ ਹਰ ਤੂਫ਼ਾਨ 'ਚ ਸਾਵਾਂ ਰਿਹਾ ਅਡੋਲ ਰਿਹਾ
ਜੇ ਡਾਲ ਡਾਲ ਖਿੰਡਰਿਆਂ ਤਾਂ ਤਿਤਲੀਆਂ ਕੋਲੋਂ

ਮੈਂ ਗੀਤ ਹੋਣ ਦੇ ਇਲਜ਼ਾਮ ਤੋਂ ਬਚ ਜਾਣਾ ਸੀ
ਕਿਤੇ ਅਚੇਤ ਹੀ ਲੰਘ ਬੈਠਾ ਮੈ ਸੁਰਾਂ ਕੋਲੋਂ

ਉੜੇ ਸੀ ਲਾਟ ਵੱਲ ਪਤੰਗੇ ਰਾਹ 'ਚੋਂ ਮੁੜ ਆਏ
ਕਿਦ੍ਹੇ 'ਚ ਹੌਸਲਾ ਕਿ ਗੁਜ਼ਰੇ ਜੁਗਨੂੰਆਂ ਕੋਲੋਂ

ਹਰੇਕ ਨੈਣ ਹਰ ਨਦੀ ਤੇ ਹਰ ਘੜਾ ਖਾਲੀ
ਅਖ਼ੀਰ ਬੂੰਦ ਮਿਲੀ ਅਪਣੇ ਛਾਲਿਆਂ ਕੋਲੋਂ

Academy of the Punjab in North America: http://www.apnaorg.com

# ਭੱਜ ਗਏ ਅੰਤ....

ਭੱਜ ਗਏ ਅੰਤ, ਜੁ ਡਰੇ ਨਾਂ ਹੋਕੇ ਤੋਂ
ਨਾਂ ਪਿੰਡ ਦੇ ਸ਼ੋਰਾਂ ਤੋਂ
ਅਪਣੀ ਜਾਗੀ ਅੱਖ ਦਾ ਖੜਕਾ
ਕਦ ਸਹਿ ਹੁੰਦਾ ਚੋਰਾਂ ਤੋਂ

ਬਿਸਤਰ ਉੱਤੇ ਸੌਣ ਵਰ੍ਹੇ
ਉਹ ਸੁੱਕ ਗਏ ਲਟਕੇ ਕੰਧਾਂ 'ਤੇ
ਨਜ਼ਮ ਕੁ ਦੂਰੀ ਤੈਅ ਨਾਂ ਹੋਈ
ਕੈਲੰਡਰਾਂ ਦੇ ਮੋਰਾਂ ਤੋਂ

ਜਾਲ ਗੰਡੋਏ ਕੁੰਡੀਆਂ ਲੈ ਕੇ
ਟਿੱਬਿਆਂ 'ਤੇ ਜਾ ਨਿੱਕਲਦੇ
ਝੀਲਾਂ ਦਾ ਰਾਹ ਪੁੱਛ ਬੈਠਣ
ਜੋ ਆਸ਼ਕ, ਸ਼ਹਿਰ ਭੰਬੋਰਾਂ ਤੋਂ

ਸਾਗਰ ਦੀ ਗਹਿਰਾਈ ਮਿਣਦੇ
ਪਰ ਪਤਲਾਈ ਅੰਦਰ ਦੀ
ਤੁਪਕਾ ਭਰ ਵੀ ਤਰ ਨਾ ਹੋਈ
ਪਹੁੰਚੇ ਗੋਤਾਖੋਰਾਂ ਤੋਂ

ਪੈਰਾਂ ਹੇਠੋਂ ਛਾਲੇ ਫੇਹ ਕੇ
ਟਿੱਬਿਆਂ ਨੂੰ ਭਰ ਲੈਂਦੇ ਨੇ
ਤਪਦਾ ਥਲ ਇਉਂ ਤਰਦੇ
ਜੋ ਤੁਰ ਆਉਂਦੇ ਤਿੱਖੇ ਰੋੜਾਂ ਤੋਂ

ਭਰਿਆ ਜੰਗਲ ਪੀਹ ਕੇ
ਕਾਗਜ਼ ਦੇ ਟੁਕੜੇ ਵਿਚ ਬਦਲ ਲਿਆ
ਆਹਲਣਿਆਂ ਲਈ ਥਾਂ ਮੰਗਦੇ
ਹੁਣ ਗਮਲੇ ਵਿਚਲੇ ਥੋਰ੍ਹਾਂ ਤੋਂ

Academy of the Punjab in North America: http://www.apnaorg.com

# ਇਨਕਲਾਬ 'ਚੋਂ ਨਿਕਲੀ ਬੰਦੂਕ

ਮੈਂ ਬਹੁਤ ਟੋਲਦਾ ਆਇਆ ਹਾਂ
ਉਸ ਇਨਕਲਾਬ ਨੂੰ
ਜਿਹੜਾ ਸੁਣਦੇ ਸਾਂ
ਕਿ ਬੰਦੂਕ ਦੀ ਨਾਲੀ 'ਚੋਂ ਨਿਕਲਦਾ ਹੈ
ਪਰ ਅਜੇ ਤੱਕ ਤਾਂ
ਇਨਕਲਾਬ 'ਚੋਂ ਨਿਕਲੀ
ਬੰਦੂਕ ਦੀ ਨਾਲੀ ਹੀ ਲੱਭੀ ਹੈ
ਇਨਕਲਾਬ ਹਾਲੇ ਕਿਤੇ ਨਹੀਂ ਮਿਲਿਆ

ਬੰਦੂਕ ਦੀ ਨਾਲੀ 'ਚੋਂ
ਗਾੜ੍ਹੀਆਂ ਬਦਲੀਆਂ ਬਣ ਕੇ
ਅਖ਼ੀਰ ਜੋ ਵੀ ਨਿਕਲਿਆ
ਇਨਕਲਾਬ ਦਾ ਧੂੰਆਂ ਹੀ ਨਿਕਲਿਆ
ਜੋ ਨਾਅਰਿਆਂ ਵਰਗੇ ਖੋਖਲੇ ਅਸਮਾਨਾਂ 'ਚ
ਮਲਕੜੇ ਮਲਕੜੇ ਤਰਦਾ
ਕਦੇ ਕੁੱਲੀਆਂ ਦੀ ਸ਼ਕਲਾਂ ਤੋਂ ਕੋਠੀ ਬਣਨ ਲਗਦਾ
ਤੇ ਕਦੇ ਰੁੱਖਾਂ ਦੀਆਂ ਸ਼ਕਲਾਂ ਤੋਂ
ਸਰੰਗੀ ਵਰਗਾ ਹੋ ਜਾਂਦਾ

ਗਾੜ੍ਹੇ ਧੂੰਏ 'ਚੋਂ ਪੁੰਗਰਦੇ
ਕੋਠੀਆਂ ਦੇ ਝਾਉਲਿਆਂ ਉੱਤੇ
ਅਸੀਂ ਸੋਨ-ਸਵੇਰਿਆਂ ਦੀਆਂ
ਨੇਮ ਪਲੇਟਾਂ ਜੜਦੇ ਰਹੇ
ਲਾਲ ਦਸਤਾਨੇ ਪਾਕੇ
ਤੇ ਧੂੰਏਂ 'ਚੋਂ ਉਭਰਦੇ
ਸਰੰਗੀਆਂ ਵਰਗੇ ਅਕਾਰਾਂ 'ਤੇ ਮਸਤ ਹੋ ਕੇ
ਅਸੀਂ ਢੋਲਕੀਆਂ ਬਣਨ ਲਈ
ਇੱਕ ਦੂਜੇ 'ਚ ਵਜਦੇ ਰਹੇ

ਅਸੀਂ ਬੜੇ ਵਫ਼ਾਦਾਰ ਆਸ਼ਕ ਸਾਂ
ਕਿ ਹਨੇਰੇ ਨਾਲ ਹਮਬਿਸਤਰ ਮਹਿਬੂਬਾ ਦਾ ਨਾਮ

Academy of the Punjab in North America: http://www.apnaorg.com

ਪਲਕਾਂ ਨਾਲ ਲਿਖਦੇ ਰਹੇ
ਤਾਰਿਆਂ ਨੂੰ ਜੋੜ ਜੋੜ ਕੇ

ਵਫ਼ਾਦਾਰ ਆਸ਼ਕ ਤਾਂ ਅਸੀਂ ਹਾਲੇ ਵੀ ਹਾਂ
ਕਿ ਟੇਪਾਂ 'ਚ ਭਰੀ ਫਿਰਦੇ ਹਾਂ
ਧੂੰਏਂ ਨਾਲ ਬਣੀਆਂ ਸਰੰਗੀਆਂ 'ਚੋਂ
ਬਸੰਤ ਰਾਗ ਦੀਆਂ ਅਣਵੱਜੀਆਂ ਧੁਨੀਆਂ
ਕਿ ਹਵਾ 'ਚ ਖਿੰਡ ਗਈ ਕੋਠੀ ਦੀਆਂ
ਨੇਮ ਪਲੇਟਾਂ ਚੁੱਕੀ
ਅਸੀਂ ਮੇਜ਼ ਕੁਰਸੀਆਂ ਲਈ
ਬਿਆਨੇ ਦਿੰਦੇ ਫਿਰਦੇ ਹਾਂ
ਕਿ ਅਸੀਂ ਚਾਬੀਆਂ ਬਣੇ ਫਿਰਦੇ ਹਾਂ
ਉਹਨਾਂ ਜਿੰਦਰਿਆਂ ਲਈ
ਜੋ ਮੂੰਹਾਂ 'ਤੇ ਲੱਗ ਕੇ ਸਿਰਫ਼ ਬੰਦ ਹੀ ਹੁੰਦੇ ਨੇ
ਖੁੱਲ੍ਹਣ ਵਾਲਾ ਤਾਂ ਉਹਨਾਂ ਵਿਚ
ਸੁਰਾਖ਼ ਹੀ ਨਹੀਂ ਹੁੰਦਾ

ਦਰਅਸਲ ਇਨਕਲਾਬ ਕਿਤੇ ਵੀ ਨਹੀਂ ਹੋਇਆ
ਸਿਰਫ਼ ਕਿਰਪਾਨਾਂ ਨੇ ਮੁੱਠੇ ਹੀ ਬਦਲੇ ਨੇ
ਪੱਥਰ ਦਿਲ ਕੁਰਸੀਆਂ ਨੇ ਗਿਲਾਫ਼ ਬਦਲੇ ਨੇ
ਜਾਂ ਬਦਲੇ ਨੇ ਖ਼ੁਫ਼ੀਆ ਸੰਗਲੀਆਂ ਨੇ
ਕੜੀਆਂ ਦੇ ਨਮੂਨੇ
ਜਾਂ ਜੀਭਾਂ ਕੱਟਣ ਲਈ ਬਣੇ ਉਸਤਰਿਆਂ ਨੇ
ਬਲੇਡ ਬਦਲੇ ਨੇ
ਇਨਕਲਾਬ ਕਿਤੇ ਵੀ ਨਹੀਂ ਹੋਇਆ

Academy of the Punjab in North America: http://www.apnaorg.com

## ਝੰਡਾ

ਲਾਲ ਤਰੰਗਾ ਹਰਾ ਕੇਸਰੀ
ਝੰਡਾ ਅਖ਼ਿਰ ਝੰਡਾ
ਹਰ ਝੰਡੇ ਦੀ ਰੀੜ੍ਹ 'ਚ ਬੈਠਾ
ਬੜਾ ਫ਼ਰੇਬੀ ਡੰਡਾ

ਬਿਸਤਰਿਆਂ ਤੋਂ ਕੁਰਸੀ ਤੀਕਰ
ਝੰਡਿਆਂ ਦੇ ਹੀ ਰੌਲੇ
ਕੁਰਸੀ ਤੇ ਤਲਵਾਰ ਫ਼ਰਕਦੀ
ਬਿਸਤਰਿਆਂ 'ਤੇ ਡੌਲੇ
ਝੰਡੇ ਨਾਲ ਫੈਂਟਦੀ ਕੁਰਸੀ
ਆਲਮ ਕੱਚਾ ਅੰਡਾ
ਹਰ ਝੰਡੇ ਦੀ ਰੀੜ੍ਹ 'ਚ ਬੈਠਾ
ਬੜਾ ਫ਼ਰੇਬੀ ਡੰਡਾ

ਡੰਡੇ ਵਿਚ ਬੰਦੂਕ ਛਣਕਦੀ
ਝੰਡਾ ਕਹੇ ਸਰੰਗੀ
ਡੰਡਾ ਲਾਵੇ ਸਾਣ ਉਸਤਰੇ
ਝੰਡਾ ਆਖੇ ਕੰਘੀ
ਪਰ ਆਰੀ ਦੇ ਖ਼ਾਨਦਾਨ 'ਚੋਂ
ਕੰਘੀ ਦਾ ਹਰ ਦੰਦਾ
ਹਰ ਝੰਡੇ ਦੀ ਰੀੜ੍ਹ 'ਚ ਬੈਠਾ
ਬੜਾ ਕਰੋਧੀ ਡੰਡਾ

ਡੰਡੇ ਵਿਚੋਂ ਨਾਗ, ਗਿਰਝ, ਤੇ
ਲੂੰਬੜੀਆਂ ਤਿਰਹਾਈਆਂ
ਝੰਡਿਆਂ 'ਤੇ ਛਪਦੇ ਨੇ ਬਣ ਕੇ
ਸਾਊ ਚਿੜੀਆਂ ਗਾਈਆਂ
ਝੰਡੇ ਉਤਲੀ ਦਾਤੀ ਦਾਤੀ
ਤੇ ਖੰਡਾ ਹੈ ਖੰਡਾ
ਹਰ ਝੰਡੇ ਦੀ ਰੀੜ੍ਹ 'ਚ ਬੈਠਾ
ਬੜਾ ਕਰੋਧੀ ਡੰਡਾ

Academy of the Punjab in North America: http://www.apnaorg.com

ਝੰਡਿਆਂ ਨਾਲ ਬਹਿਸਦੇ ਝੰਡੇ
ਲੜ ਲੜ ਕਟਦੇ ਬਾਹਵਾਂ
ਹਰ ਝੰਡੇ ਦੇ ਡੰਡੇ ਦਾ
ਪਰ ਇੱਕੋ ਹੀ ਸਿਰਨਾਵਾਂ
ਇਸ ਸਿਰਨਾਵੇਂ ਪਹੁੰਚਣ 'ਤੇ
ਹਰ ਖ਼ਤ ਹੋ ਜਾਂਦਾ ਗੰਦਾ
ਹਰ ਝੰਡੇ ਦੀ ਰੀੜ੍ਹ 'ਚ ਬੈਠਾ
ਬੜਾ ਫ਼ਰੇਬੀ ਡੰਡਾ

Academy of the Punjab in North America: http://www.apnaorg.com

# ਅਖ਼ਬਾਰ ਤੇ ਕਬਰਾਂ

(ਹਰਭਜਨ ਹਲਵਾਰਵੀ ਲਈ)

ਲਾਸ਼ਾਂ ਨਾਲ ਭਰਿਆ ਹੈ
ਹਰ ਕਾਲਮ ਖ਼ਬਰਾਂ ਦਾ
ਥੋੜਾ ਹੀ ਫ਼ਰਕ ਹੁਣ ਤਾਂ
ਅਖ਼ਬਾਰ ਤੇ ਕਬਰਾਂ ਦਾ

ਜੋ ਵਤਨ 'ਚ ਬਲਦੀ ਏ
ਮੇਰੀ ਕਲਮ ਨੂੰ ਤਲਦੀ ਏ
ਜਿਉਂ ਜੁਗਨੂੰ ਜੋ ਜੜ 'ਚ ਜਗੇ
ਸਿਵਾ ਬਣ ਜਾਏ ਲਗਰਾਂ ਦਾ

ਅਖ਼ਬਾਰ ਪੜ੍ਹਨ ਲਗਦੀ
ਐਨਕ ਵੀ ਸੜਨ ਲਗਦੀ
ਹਰਫ਼ਾਂ ਵਿਚ ਵਾਹ ਪੈਂਦਾ
ਸਿਵਿਆਂ ਨਾਲ ਨਜ਼ਰਾਂ ਦਾ

ਬਸ ਚੀਕ ਪੁਕਾਰਾਂ ਨੇ
ਜਾਂ ਚੁੱਪ ਦੀਵਾਰਾਂ ਨੇ
ਨਗਰਾਂ ਵਾਂਗੂ ਵਸਣਾ
ਗੁੰਮ ਹੋਇਆ ਨਗਰਾਂ ਦਾ

Academy of the Punjab in North America: http://www.apnaorg.com

# ਰਾਵਣ ਵਸਦਾ ਹਰ ਥਾਂ

(ਇਰਾਕ ਕੁਵੈਤ ਦੀ ਜੰਗ ਦੇ ਹਵਾਲੇ ਨਾਲ)

ਬੁਸ਼, ਸ਼ਮੀਰ, ਮਲਰੂਨੀ, ਮੇਜਰ
ਜਾਂ ਕਹਿ ਲਵੋ ਸਦਾਮ[1]
ਇੱਕੋ ਹੀ ਰਾਵਣ ਦੀਆਂ ਸਿਰੀਆਂ
ਵੱਖਰੇ ਵੱਖਰੇ ਨਾਮ

ਫੁੱਟਪਾਥਾਂ ਤੋਂ ਤਖ਼ਤਾਂ ਤੀਕਰ
ਰਾਵਣ ਵਸਦਾ ਹਰ ਥਾਂ,
ਲੰਕਾ ਨਕਸ਼ੇ ਵਾਲੀ ਐਵੇਂ
ਕੀਤੀ ਗਈ ਬਦਨਾਮ

ਲਹੂ ਦੀਆਂ ਨਹਿਰਾਂ ਦੇ ਨਕਸ਼ੇ
ਤੈਅ ਕਰਦੀ ਹੈ ਕੁਰਸੀ,
ਬੂਟ ਵਰਦੀਆਂ ਉਤੇ ਐਵੇ
ਲੱਗ ਜਾਂਦੇ ਇਲਜ਼ਾਮ

ਸੜਕੇ ਔਖੇ ਸੌਖੇ ਸਹਿ ਲਓ
ਸਾਇਰਨ ਚੀਕ ਧਮਾਕੇ,
ਸਦੀਆਂ ਤੀਕ ਕਰੋਂ ਫ਼ਿਰ ਸ਼ਾਇਦ
ਕਬਰਾਂ ਵਾਂਗ ਅਰਾਮ

ਬੁਸ਼, ਸ਼ਮੀਰ, ਮਲਰੂਨੀ, ਮੇਜਰ ਤੇ ਸਦਾਮ ਕਰਮਵਾਰ ਅਮਰੀਕਾ, ਇਜ਼ਰਾਈਲ, ਕਨੇਡਾ, ਬਰਤਾਨੀਆਂ ਤੇ ਇਰਾਕ ਦੀਆਂ ਸਰਕਾਰਾਂ ਦੇ ਮੁਖੀ ਸਨ/ਹਨ

Academy of the Punjab in North America: http://www.apnaorg.com

# ਜੰਗ

(ਇਰਾਕ ਤੇ ਕੁਵੈਤ ਦੀ ਜੰਗ ਦੇ ਹਵਾਲੇ ਨਾਲ)
ਟੀ. ਵੀ. ਦੀ ਸਕਰੀਨ 'ਤੇ
ਖੰਭਾਂ ਹੇਠ ਬਰੂਦ ਲੁਕੋਈ
ਗਿਰਝਾਂ ਜਿਹੇ ਜਹਾਜ਼
ਹਵਾ ਨੂੰ ਰਿੜਕਦੇ
ਸਹਿਮੇਂ ਘਰਾਂ ਤੇ ਸੁੰਗੜੀਆਂ ਸੜਕਾਂ ਦੇ ਉੱਤੇ
ਚੀਕ ਚਿਹਾੜੇ ਤਿਲਕਦੇ

ਛਲਣੀ ਘਰਾਂ 'ਚ ਛਲਣੀ ਕੁੱਖਾਂ
ਛਲਣੀ ਹੋਈਆਂ ਕੁੱਖਾਂ ਅੰਦਰ
ਜੌਰਜ ਬੁਸ਼ ਦੇ ਨਕਲੀ ਦੰਦਾ ਦਾ ਛਣਕਾਟਾ
ਜਾਂ ਸਦਾਮ ਦੀਆਂ ਰੰਗੀਆਂ ਮੁੱਛਾਂ ਦਾ ਸੰਨਾਟਾ

ਟੀ. ਵੀ. ਦੀ ਸਕਰੀਨ 'ਤੇ
ਚਿਹਰੇ ਉਤੇ ਗਹਿਰ-ਗੰਭੀਰਾ ਸੋਗ ਪਹਿਨਕੇ
ਖਚਰੇ ਚਾਅ ਨੂੰ
ਬੁੱਲ੍ਹਾਂ ਹੇਠ ਦਬਾਉਂਦਾ ਹੋਇਆ
ਬੁਸ਼, ਸਦਾਮ ਜਾਂ ਇਹਨਾਂ ਵਰਗਾ ਹੀ ਕੋਈ
ਹੋਰ ਸ਼ਿਕਾਰੀ ਚਿਹਰਾ
ਦਸਦਾ ਹੈ ਕਿ ਕੌਣ ਠਿਕਾਣੇ
ਕਿੱਦਾਂ ਛਲਣੀ ਛਲਣੀ ਹੋਏ

ਟੀ. ਵੀ. ਉੱਤੇ ਧੂੰਆਂਧਾਰ ਧਮਾਕੇ ਸੁਣਕੇ
ਮੇਰੇ ਘਰ ਕੰਧਾਂ 'ਤੇ ਸਜੀਆਂ
ਸਭ ਤਸਵੀਰਾਂ ਕਿਰ ਗਈਆਂ ਨੇ

ਸਹਿਮੀ ਹੋਈ ਮੇਰੀ ਬੱਚੀ
ਪਿੰਜਰੇ ਨੂੰ ਬੁੱਕਲ ਵਿਚ ਲੈ ਕੇ
ਚੀਖ਼ ਰਹੀ ਹੈ :
ਡੈਡੀ ਟੀ. ਵੀ. ਬੰਦ ਦੇਵੋ
ਪਿਛਲੇ ਹਫ਼ਤੇ ਪਿੰਜਰੇ ਅੰਦਰ
ਤੋਤੀ ਨੇ ਜੋ ਆਂਡੇ ਦਿੱਤੇ
ਉਹ ਟੀ. ਵੀ. ਤੋਂ ਬੰਬਾਂ ਦੇ ਖੜਕੇ ਨੂੰ ਸੁਣਾਕੇ
ਤਿੜਕ ਜਾਣਗੇ!

Academy of the Punjab in North America: http://www.apnaorg.com

# ਸਿਰਫ ਮੈਂ ਖਲੋਤਾ ਹਾਂ

ਹੁਣ
ਸਮੁੰਦਰ ਉਪਰੋਂ ਦੀ
ਹਰ ਸਵੇਰ ਉਸ ਵੱਲ ਵਧਾਇਆ
ਚਾਹ ਦਾ ਬੇਅਰਾਮ ਪਿਆਲਾ
ਉਸ ਦੇ ਬਿਸਤਰੇ ਵਿਚ ਬੇਖ਼ਬਰ ਸੁੱਤੇ
ਇੱਕ ਅਹੁਦੇ ਨਾਲ ਟਕਰਾ ਕੇ
ਮੇਰੇ ਹੱਥਾਂ ਵਿਚ ਕੀਚਰਾਂ ਕੀਚਰਾਂ ਹੋ ਜਾਂਦਾ ਹੈ
ਲਹੂ ਲੁਹਾਣ ਹੋਈਆਂ
ਹਸਤ-ਲਕੀਰਾਂ ਨੂੰ ਲੁਕਾਉਣ ਲਈ
ਮੇਰੇ ਕੋਲ
ਸਿਰਫ਼ ਨਜ਼ਮਾ ਵਾਲੀ ਕਾਪੀ ਹੀ ਰਹਿ ਗਈ ਹੈ

ਆਪਣੇ ਘਰ ਵਿਚ
ਆਮਲੇਟ ਬਣਾਉਂਦੀ ਹੋਈ
ਅਸਲ ਵਿਚ
ਉਹ ਇਕ ਬਾਲਕ ਵੀ ਫੈਂਟ ਰਹੀ ਹੁੰਦੀ ਹੈ
ਜੀਹਦਾ ਮੁਹਾਂਦਰਾ ਦਸਦੀ ਦਸਦੀ
ਉਹ ਮੇਰੇ ਸਾਰੇ ਨਕਸ਼ ਚੋਰੀ ਕਰ ਲੈਂਦੀ ਸੀ
ਮੈਂ ਨਹੀਂ ਸੀ ਜਾਣਦਾ
ਕਿ ਉਹ ਬੱਚੇ ਵੀ ਮਰ ਜਾਂਦੇ ਨੇ
ਜੋ ਕੁੱਖਾਂ 'ਚ ਨਹੀਂ
ਸਿਰਫ਼ ਮੱਥਿਆਂ 'ਚ ਜੰਮਦੇ ਨੇ

ਖ਼ੈਰ
ਮੇਰੇ ਅਤੇ ਉਸ ਦੇ ਵਿਚਕਾਰ
ਹੁਣ ਸਿਰਫ਼
ਇੱਕ ਤੋਤਲਾ ਸੁਪਨਾ ਹੀ ਵਿਲਕਦਾ ਹੈ
ਜਿਸ ਨੂੰ ਭਰਵੱਟੇ ਤਰਾਸ਼ਦੀ ਤਰਾਸ਼ਦੀ
ਉਹ ਮੋਚਨੇ ਨਾਲ ਪਕੜ ਲੈਂਦੀ ਹੈ
ਗ਼ੁਲਾਮ ਅਲੀ ਦੇ
ਨਵੇਂ ਐਲ. ਪੀ. ਹੇਠ ਕਬਰਨ ਲਈ

Academy of the Punjab in North America: http://www.apnaorg.com

ਜਾਂ ਮਾਈਕਰੋਵੇਵ ਦੀ
ਖ਼ਾਮੋਸ਼ ਗਰਮੀ 'ਚ ਸਸਕਾਰਨ ਲਈ

ਖ਼ੈਰ, ਮੈਂ ਤਾਂ
ਤੋਤਲੀ ਵਿਲਕਣੀ ਤੋਂ ਬਾਦ ਹੀ ਮੁੱਕ ਜਾਂਦਾ ਹਾਂ
ਉਸ ਤੋਂ ਅਗੇ ਤਾਂ
ਸਿਰਫ਼ ਸ਼ਾਇਰੀ ਬਚਦੀ ਹੈ
ਮੇਰੇ ਹੱਥ ਵਾਂਗ ਵਲੂੰਧਰੀ ਹੋਈ
ਜਾਂ ਫ਼ਿਰ ਉਸਦਾ ਘਰ ਬਚਦਾ ਹੈ
ਸਾਲਮ ਸਬੂਤ ਹਕੀਕਤ

ਇਹ ਘਰ ਵੀ ਬੜੀ ਅਜੀਬ ਹਕੀਕਤ ਹੈ
ਇਹ ਏਨੀ ਖ਼ੂਬਸੂਰਤੀ ਨਾਲ
ਨਿਚੋੜਦਾ ਹੈ
ਇਕੱਲੇ ਇਕੱਲੇ ਸੁਪਨੇ ਨੂੰ
ਕਿ ਆਦਮੀ ਅਤੇ ਸੋਫ਼ੇ 'ਚ
ਸਿਰਫ਼ ਕੱਪੜਿਆਂ ਦਾ ਫ਼ਰਕ ਹੀ ਰਹਿ ਜਾਂਦਾ ਹੈ

ਇੱਕ ਖ਼ੌਫ਼ਨਾਕ ਖ਼ਮੋਸ਼ੀ ਤੋਂ ਬਿਨਾ
ਹੁਣ ਤਾਂ ਸਭ ਕੁਝ ਵਹਿ ਗਿਆ ਹੈ
ਨਦੀ ਦੇ ਵੀਰਾਨ ਪੁਲ ਹੇਠੋਂ
ਹਾਂ, ਘੜੀਆਂ ਚੱਲ ਰਹੀਆਂ ਨੇ
ਮਾਰੋ ਮਾਰ ਕਰਦੀਆਂ
ਤੇ ਵਕਤ ਰੁਕ ਗਿਆ ਹੈ
ਗ਼ੈਰ-ਹਾਜ਼ਰ ਟਿਕ ਟਿਕ ਤੋਂ
ਆਪਣੀ ਹੀ ਗਰਦ ਝਾੜਦਾ ਝਾੜਦਾ
ਧਰਤੀ ਖਿਸਕ ਗਈ ਹੈ
ਬਹੁ...ਤ ਦੂਰ ਚੁੱਪ ਚੁਪੀਤੀ
ਸਿਰਫ਼ ਮੈਂ ਖਲੋਤਾ ਹਾਂ
ਖਿੰਡ ਗਏ ਸੁਪਨਿਆਂ ਦੀਆਂ ਛਿਲਤਰਾਂ
ਸੁੰਨੀਆਂ ਅੱਖਾਂ 'ਚੋਂ ਫ਼ਰੋਲਦਾ ਹੋਇਆ

Academy of the Punjab in North America: http://www.apnaorg.com

# ਬਦਲਦੇ ਮੌਸਮਾਂ ਦੇ ਨਾਲ

ਪੁਲ ਹੇਠੋਂ
ਤੂੰ ਘਰ ਨੂੰ ਚਲਾ ਜਾਹ, ਬਾਲੀ
ਹੁਣ ਨਦੀ ਚੋਂ ਕੁਝ ਨਹੀਂ ਲੱਭਣਾ

ਏਥੇ ਜੋ ਵੀ ਦਿਸਦਾ ਹੈ
ਇਹ ਸਭ ਤਾਂ ਮੌਸਮਾਂ ਦੇ ਨਾਲ ਤੁਰਦਾ ਹੈ
ਨਵਾਂ ਮੌਸਮ ਜਦੋਂ ਮਿਲਿਆ
ਨਦੀ ਮਹਿਬੂਬ ਵਰਗੀ ਨੇ
ਬਰਫ਼ ਦੀ ਬੇਰਹਿਮ ਚੱਟਾਨ ਹੋ ਜਾਣੈ
ਸੁਪਨੇ ਵਾਂਗਰਾਂ ਜੋ ਤਰਦੀਆਂ ਨੇ
ਮਛਲੀਆਂ ਏਥੇ
ਇਨ੍ਹਾਂ ਨੇ ਵੀ ਚਿਣੇ ਜਾਣੈ
ਸਿਮੈਂਟੀ ਫਰਸ਼ ਹੋ ਗਏ ਜਲ 'ਚ ਆਖਰ ਨੂੰ
ਸੁਪਨਿਆਂ ਦਾ
ਤੇ ਮੱਛੀਆਂ ਦਾ
ਹਸ਼ਰ ਏਹੀਓ ਹੀ ਹੁੰਦਾ ਹੈ
ਇਸ ਲਈ ਬਾਲੀ
ਤੂੰ ਪੁਲ ਹੇਠੋਂ ਚਲਾ ਜਾਹ
ਨਦੀ 'ਚੋਂ ਕਿਸੇ ਨੂੰ ਕੁਝ ਵੀ ਨਹੀਂ ਮਿਲਦਾ

ਜੁ ਬੁਰਖ਼ੁਰਦਾਰ ਜੇਹੇ ਜਾਪਦੇ ਥੰਮ੍ਹਲੇ
ਤੇ ਪੁਲ ਨੂੰ ਪਿੱਠ 'ਤੇ ਚੱਕੀ ਖੜ੍ਹੇ
ਸਾਊ ਜਿਹੇ ਗਰਡਰ
ਇਹ ਪੱਥਰ ਲੋਹ ਅਤੇ ਸੀਮੈਂਟ ਤੋਂ ਵੱਧ
ਕੁਝ ਨਹੀਂ ਹਨ
ਇਹਨਾਂ ਨੂੰ ਬਗ਼ਲ ਲੈਕੇ
ਜਾਂ ਇਹਨਾਂ ਦੀ ਬਗ਼ਲ ਵਿੱਚ ਹੋ ਕੇ
ਤੂੰ ਜਿਤਨਾ ਜੀ ਕਰੇ ਰੋਈਂ
ਤੜਫ਼ ਲਈ ਖ਼ਫਾ-ਖ਼ੂੰ ਹੋਈਂ
ਇਹਨਾਂ 'ਚੋਂ ਬੇਲਿਹਾਜ਼ਾ ਸੇਕ ਆਵੇਗਾ
ਜਾਂ ਠੰਡਾ ਬੁਰਕ
ਤੇਰੀ ਰੂਹ 'ਚ ਡੂੰਘਾ ਉਤਰ ਜਾਵੇਗਾ

Academy of the Punjab in North America: http://www.apnaorg.com

ਮਸ਼ੂਕਾ ਦੀ ਭਰੀ ਗਲਵਕੜੀ ਵਰਗਾ
ਇਨ੍ਹਾਂ 'ਚੋਂ ਇੱਕ ਵੀ ਹੌਕਾ ਨਹੀਂ ਸਿੰਮਣਾ
ਨਾ ਇਹ ਸ਼ਾਇਰੀ ਨੂੰ ਸੁਣਕੇ ਪਿਘਲਦੇ ਨੇ
ਕਿਸੇ ਦੇ ਅਣਕਿਰੇ ਹੰਝੂਆਂ ਨੂੰ ਪੂੰਝਣ ਲਈ
ਨਾ ਬੇਪਰਵਾਹ ਨਦੀ ਦਾ ਵਹਿਣ ਰੁਕਦਾ ਹੈ
ਇਹ ਸਭ ਕੁਝ ਤਾਂ
ਬਦਲਦੇ ਮੌਸਮਾ ਦੇ ਨਾਲ ਤੁਰਦਾ ਹੈ

ਜੁ ਮੌਸਮ ਨਾਲ ਤੁਰਦੇ ਨੇ
ਉਨ੍ਹਾਂ ਨੂੰ ਸਪਣੀਆਂ ਵਰਗੀ ਨਦੀ ਨਾ ਰਾਤ ਨੂੰ
ਸੁਪਨੇ 'ਚ ਡੰਗਦੀ ਹੈ
ਘੜੀ ਦੇ ਡਾਇਲ 'ਤੋਂ ਚੋਰੀ ਜਿਹੇ ਉੜਕੇ
ਜੁ ਪੁਲ ਦੇ ਹੇਠ ਜਾਕੇ
ਸੁਪਨਿਆਂ ਦਾ ਚੋਗ ਚੁਗਦੀ ਸੀ
ਤਰਲ ਹੋਏ ਪਲਾਂ ਦੀ ਡਾਰ ਵੀ ਮੁੜਕੇ
ਉਨ੍ਹਾਂ ਦੇ ਮੱਥਿਆਂ 'ਚੋਂ ਸੰਗਲੀ ਵਾਂਗੂੰ ਨਾ ਲੰਘਦੀ ਹੈ
ਉਹ ਜਿਸਮਾਂ ਦਾ ਪਿਘਲਣਾ
ਜੋ ਖ਼ੁਦਾਈ ਮੇਲ ਹੋ ਸਕਦੈ
ਤ੍ਰੇਹ ਉਹ ਵੀ
ਨਾ ਮੁੜਕੇ ਖ਼ੂਨ ਦਾ ਹੀ ਜਾਮ ਮੰਗਦੀ ਹੈ

ਆਪਣੇ ਜ਼ਿਹਨ ਦੇ ਵਿੱਚੋਂ
ਜ਼ਰਾ ਤੂੰ ਸ਼ਾਇਰ ਨੂੰ ਮਨਫ਼ੀ ਤਾਂ ਕਰ, ਬਾਲੀ
ਕਿ ਨਾ ਕੋਈ ਭਟਕਣਾ ਪੀੜਾ
ਤੇ ਨਾ ਕੋਈ ਜ਼ਖ਼ਮ ਹੀ ਕਿਧਰੇ ਵੀ ਟਪਕੇ ਗਾ
ਤੇ ਨਾ ਅਹਿਸਾਸ ਵਾਅਦ-ਸ਼ਿਕਨੀਆਂ ਦਾ
ਚਾਕੂਆਂ ਵਾਂਗੂੰ
ਤੇਰੇ ਮੱਥੇ 'ਚ ਲਟਕੇਗਾ

ਇਸ ਲਈ, ਬਾਲੀ
ਤੂੰ ਪੁਲ ਹੇਠੋਂ ਜਾਹ
ਨਦੀ 'ਚ ਕੁਝ ਨਹੀਂ ਮਿਲਣਾ

Academy of the Punjab in North America: http://www.apnaorg.com

# ਜੋ ਹੈ ਕਲੀਆਂ ਨੂੰ ਇੰਤਜ਼ਾਰ ਮੇਰੀ

ਜੋ ਹੈ ਕਲੀਆਂ ਨੂੰ ਇੰਤਜ਼ਾਰ ਮੇਰੀ
ਜੀਂਦੀ ਕਿਧਰੇ ਹੈ ਕੁਝ ਬਹਾਰ ਮੇਰੀ

ਮੇਰੇ ਟਾਹਣਾਂ 'ਚ ਹੈ ਘੁਲੀ ਕਿਧਰੇ
ਚੀਕੇ ਪੱਤਿਆਂ 'ਚ ਜੋ ਸਿਤਾਰ ਮੇਰੀ

ਜੀਨੂੰ ਛੱਪੜਾਂ 'ਤੇ ਮੈਂ ਛੱਡ ਆਇਆ ਸਾਂ
ਪੈੜ ਲਭਦਾ ਹੈ ਐਤਵਾਰ ਮੇਰੀ

ਝੀਲ ਵਾਂਗੂੰ ਜਦੋਂ ਮੈਂ ਜੰਮ ਜਾਵਾਂ
ਲਾਜ ਰਖਦਾ ਸਦਾ ਬੁਖ਼ਾਰ ਮੇਰੀ

ਜਾਂ ਤਾਂ ਚਮੜੀ ਦੀ ਜਾਂ ਹੈ ਦਮੜੀ ਦੀ
ਕੌਣ ਕਰਦਾ ਹੈ ਇੰਤਜ਼ਾਰ ਮੇਰੀ

ਮੈਨੂੰ ਗਿਣਨਾਂ ਹੈ ਤਾਂ ਮੇਰੇ ਅੰਦਰ ਆ
ਕਈਆਂ ਸ਼ਕਲਾਂ ਦੀ ਹੈ ਕਤਾਰ ਮੇਰੀ

ਔੜ ਏਨੀ ਹੈ ਮਿਹਰਬਾਂ ਕਿ ਸਦਾ
ਸੀਨੇ ਰਹਿੰਦੀ ਖਿੜੀ ਕਟਾਰ ਮੇਰੀ

Academy of the Punjab in North America: http://www.apnaorg.com

# ਨਿਆਗਰਾ ਫ਼ਾਲਜ਼

*ਸਦੀਆਂ ਪਹਿਲਾਂ ਕਨੇਡਾ ਦੇਸ਼ ਸੀ ਜੰਗਲਾਂ ਪਹਾੜਾਂ ਝਰਨਿਆਂ ਤੇ ਕੰਵਾਰੀਆਂ ਬਰਫ਼ਾਂ ਦਾ। ਜਨੌਰਾਂ ਦੇ ਖੰਭਾਂ ਦੀਆਂ ਟੋਪੀਆਂ ਅਤੇ ਸਰੀਰ ਉੱਪਰ ਅਜੀਬੋ-ਗਰੀਬ ਕਿਸਮ ਦੀਆਂ ਸ਼ਕਲਾਂ ਉਲੀਕ ਕੇ ਰੱਖਣ ਵਾਲੇ ਇਥੋਂ ਦੇ ਆਦਿਵਾਸੀ ਸਰਲ ਸਾਦੀ ਸਹਿਜ ਤੇ ਨਿਰਲੇਪ ਜ਼ਿੰਦਗੀ ਜੀਂਦੇ ਸਨ। ਪੰਦਰਵੀਂ ਸਦੀ ਵਿਚ ਕੋਲੰਬਸ ਨਾਮੀ ਇੱਕ ਸਪੈਨਿਸ਼ ਮੁਹਿੰਮਕਾਰ, ਸਮੁੰਦਰ ਦੇ ਰਸਤੇ, ਭਾਰਤ ਨੂੰ ਲਭਦਾ ਹੋਇਆ ਰਸਤਾ ਭੁੱਲ ਕੇ ਕਨੇਡਾ ਆ ਉੱਤਰਿਆ। ਭਾਰਤ ਲੱਭ ਜਾਣ ਦਾ ਭੁਲੇਖਾ ਖਾ ਕੇ, ਕੋਲੰਬਸ ਨੇ ਕਨੇਡਾ ਦੇ ਆਦਿਵਾਸੀਆਂ ਨੂੰ ਭਾਰਤੀ ਕਹਿਣਾ ਸ਼ੁਰੂ ਕਰ ਦਿੱਤਾ। ਕੋਲੰਬਸ ਦੇ ਆਉਣ ਨਾਲ ਕਨੇਡਾ ਦੇ ਆਦਿਵਾਸੀਆਂ ਦੇ ਕਲਚਰ, ਬੋਲੀਆਂ ਅਤੇ ਇਤਹਾਸ ਨਾਲ ਲੰਬੇ ਬਲਾਤਾਕਾਰ ਦਾ ਆਰੰਭ ਹੋਇਆ ਜੋ ਅਜੇ ਤੀਕ ਜਾਰੀ ਹੈ। ਟਰਾਂਟੋ (ਕਨੇਡਾ) ਦੇ ਨਜ਼ਦੀਕ ਨਿਆਗਰਾ ਸ਼ਹਿਰ ਵਿਖੇ ਨਿਆਗਰਾ ਫਾਲਜ਼ ਨਾਮ ਦੀਆਂ ਅਲੌਕਿਕ ਦਰਸ਼ਨੀ ਧਾਰਾਂ ਹਨ ਜੋ ਸਦੀਆਂ ਤੋਂ ਮਣਾਂ-ਮੂੰਹ ਪਾਣੀ ਦੇ ਰੂਪ ਵਿਚ ਨਿਰੰਤਰ ਵਹਿ ਰਹੀਆਂ ਹਨ। ਇਹਨਾਂ ਨੂੰ ਦੁਨੀਆਂ ਦੇ ਚੋਣਵੇਂ ਅਜੂਬਿਆਂ ਵਿਚ ਗਿਣਿਆ ਜਾਂਦਾ ਹੈ।*

ਗੁਜ਼ਰੀਆਂ ਸਦੀਆਂ
ਜਦੋਂ ਦੀ ਬਾਤ ਹੈ
ਵਕਤ ਨੂੰ ਹਾਲੇ ਨਹੀਂ ਸੀ
ਘੰਟਿਆਂ ਮਿੰਟਾਂ ਸਕਿੰਟਾਂ ਚੀਰਿਆ
ਨਾਂ ਕੋਈ ਹਫ਼ਤਾ ਮਹੀਨਾ
ਨਾਂ ਕੋਈ ਤਾਰੀਖ਼ ਸੀ
ਨਾਂ ਸੀ ਨੀਂਦਰ ਨੂੰ ਗਿਆ
ਘੜੀਆਂ 'ਚ ਹਾਲੇ ਪੀੜਿਆ
ਨਾਂ ਸੀ ਧਰਤੀ ਨੂੰ ਅਜੇ
ਸੜਕਾਂ ਮਕਾਨਾਂ ਲੀਰਿਆ

ਬਰਫ਼ ਦੇ ਬੇਦਾਗ਼ ਕੰਬਲ ਨੂੰ
ਸਿਆਲਾਂ ਵਿਚ ਲਪੇਟੀ
ਜੰਗਲੀ ਫੁੱਲਾਂ ਭਰੇ ਰੁੱਖਾਂ 'ਤੇ ਨਦੀਆਂ ਨੂੰ
ਬਹਾਰਾਂ ਵਿਚ ਲਪੇਟੀ

Academy of the Punjab in North America: http://www.apnaorg.com

ਸੌਂ ਰਹੀ ਧਰਤੀ ਕੰਵਾਰੀ
ਅਣਲਿਖਤ ਇੱਕ ਗੀਤ ਸੀ
ਓਸ ਤੀਕਰ ਅੱਪੜੀ
ਨਾ ਕੁਲੰਬਸ ਦੀ ਅਜੇ ਬਾਲਾਤਕਾਰੀ ਨੀਤ ਸੀ
ਝੀਲ ਵਰਗੇ ਸਾਫ ਸਾਦੇ ਬੰਦਿਆਂ ਦੇ ਗਲ ਉਦਾਲੇ
ਵਕਤ ਨੇ ਹਾਲੇ ਲਪੇਟੀ
ਨਾ ਅਵਾਰਾ ਖੋਖਲੀ ਤਾਰੀਖ਼ ਸੀ

ਝਰਨਿਆਂ ਨਦੀਆਂ ਉਦਾਲੇ ਨਾ ਅਜੇ
ਪਾਰਕਾਂ ਵਾੜਾਂ ਪੁਲਾਂ ਦੀ ਚੀਸ ਸੀ
ਕਾਰਖ਼ਾਨੇ ਦਫ਼ਤਰਾਂ ਦੇ ਕੂੜ ਦੀ
ਨਾ ਫ਼ਿਜ਼ਾ ਦੇ ਸਿਰ 'ਚ ਹੀ ਤਕਲੀਫ਼ ਸੀ
ਆਦਮੀ ਸਨ ਆਦਮੀ
ਨਾ ਅਜੇ ਘੁਲਿਆ
ਉਨ੍ਹਾਂ ਦੇ ਸਾਹ 'ਚ ਸੀ ਔਥਰਾ ਬਰੂਦ
ਨਾ ਕਿਸੇ ਖੀਸੇ 'ਚ ਬੈਠੀ ਘਾਤ ਲਾਈ ਸੀਖ਼ ਸੀ

ਬਿਰਛ ਹਾਲੇ ਨਾਂ ਬਣੇ ਸੀ ਗੋਲਕਾਂ
ਟਾਹਣਿਆਂ ਤਣਿਆਂ 'ਚ ਹਾਲੇ ਗੁਪਤ ਸਨ
ਤਾਲ ਸਰਗਮ ਤੇ ਸਿਤਾਰਾਂ ਢੋਲਕਾਂ
ਜਨਮੀਆਂ ਹਾਲੇ ਨਹੀਂ ਸਨ ਵੰਝਲੀਆਂ
ਨਾਂ ਹੀ ਹਾਲੇ ਵੰਝਲੀਆਂ ਨੂੰ ਥਾਪਨਾ
ਬਖ਼ਸ਼ੀ ਸੀ ਗੁਰੂਆਂ ਗੋਰਖ਼ਾਂ
ਹਰ ਦਿਸ਼ਾ ਵਿਚ ਪੰਛੀਆਂ ਦਾ ਗੌਣ ਸੀ
ਵਗ ਰਿਹਾ ਸੰਗੀਤ ਸਾਰੀ ਪੌਣ ਸੀ

ਤੇ ਕਿਸੇ ਏਕਾਂਤ ਥਾਂਵੇਂ
ਬਿਰਛ ਵਰਗਾ ਆਦਮੀ
ਬੈਠਿਆ-ਅੰਤਰ-ਧਿਆਂ ਆਨੰਦ ਸੀ
ਨੈਣ ਨੇਤਰ ਬੰਦ ਸੀ

Academy of the Punjab in North America: http://www.apnaorg.com

ਸੀਸ 'ਤੇ ਟੋਪੀ ਜਨੌਰਾਂ ਪੰਛੀਆਂ ਦੇ ਖੰਭ ਸੀ
ਜਿਸਮ ਦੇ ਉਤੇ ਉਲੀਕੇ
ਗੂੜ੍ਹਿਆਂ ਰੰਗਾਂ 'ਚ
ਚਿੜੀਆਂ ਤੋਤਿਆਂ ਦੇ ਛੰਦ ਸੀ
ਅਜਬ ਜੇਹੀਆਂ ਮੂਰਤਾਂ ਦੇ ਨਾਲ ਕੱਜੀ ਕੰਡ ਸੀ

ਪਹੁੰਚਿਆ ਹੋਇਆ ਰਿਸ਼ੀ ਏਹ
ਨਾਮ ਅੰਦਰ ਜਿਸਮ ਤੀਕਰ ਲੀਨ ਸੀ
ਤਰਦੀਆਂ ਹੋਈਆਂ ਸੁਰਾਂ ਵਿਚ
ਪਿਘਲਦੀ ਇਹ ਬੀਨ ਸੀ
ਹੌਲੀ ਹੌਲੀ ਜਿਸਮ ਉਸਦਾ ਹੋ ਰਿਹਾ
ਵਾਅ 'ਚ ਇਉਂ ਤਕਸੀਮ ਸੀ

ਪੈਰ ਤੋਂ ਲੈ ਕੇ ਜਟਾਂ ਤਕ
ਜੋ ਰਿਸ਼ੀ ਦੇ ਪਾਸ ਸੀ
ਹੁਣ ਨ ਪੂਰਾ ਖ਼ੂਨ ਹੀ ਸੀ
ਨਾਂ ਹੀ ਪੂਰਾ ਮਾਸ ਸੀ
ਤਰਲ ਜੇਹੀ ਖ਼ਾਕ ਸੀ
ਜਾਂ ਪਾਰਦਰਸ਼ੀ ਰਾਖ਼ ਸੀ
ਧੁੰਦ ਸੀ ਜਾਂ ਭਾਫ਼ ਸੀ
ਜਿਸਮ ਸਾਰਾ ਹੀ
ਅਰਧ-ਦਿਸਦੀ ਹਵਾ ਦੀ ਰਾਸ ਸੀ
ਗ਼ੈਰਹਾਜ਼ਰ ਜੀਭ ਵਿਚੋਂ ਕਿਰ ਰਹੀ ਅਰਦਾਸ ਸੀ

ਜਿਸਮ ਜਦ ਪਹੁੰਚੇ ਰਿਸ਼ੀ ਦਾ
ਗ਼ਾਇਬ ਨਾ ਪਰਤੱਖ ਸੀ
ਝੀਲ ਅੰਦਰ ਤੈਰਦਾ
ਜਿਉਂ ਪੌਣ ਰੰਗਾ ਕੱਚ ਸੀ
ਮੋਰੀ ਵਾਲੇ ਸ਼ੀਸ਼ਿਆਂ ਦੀ ਛਾਂ ਜਿਹਾ
ਦੂਧੀਆ ਚਾਦਰ 'ਚ
ਚਿੱਟੇ ਧਾਗਿਆਂ ਦੇ ਨਾਲ ਕੱਢੇ

Academy of the Punjab in North America: http://www.apnaorg.com

ਬਰਫ਼ ਦੇ ਹਰਫ਼ਾਂ ਜਿਹਾ
ਕਿ ਅਚਾਨਕ ਹੀ
ਜਿਵੇਂ ਬੁੱਲਾ ਜਿਹਾ ਕੋਈ ਤੜਫ਼ਿਆ
ਦਰ ਸਮਾਧੀ ਦਾ ਜਿਵੇਂ ਸੀ
ਅਚਨਚੇਤੀ ਖੜਕਿਆ
ਪਾਰਦਰਸ਼ੀ ਰਾਖ਼ ਅੰਦਰ
ਜਿਸਮ ਦਾ ਝਾਉਲਾ ਜਿਹਾ ਮੁੜ ਪਰਤਿਆ
ਜਿਸਮ ਦੇ ਝਾਉਲੇ 'ਚ ਮੁੜ ਕੇ
ਮਾਸ ਹੱਡਾਂ ਦਾ ਢੁਗਾਠਾ ਧੜਕਿਆ

ਇਸ ਤਰ੍ਹਾਂ ਮੁੜ ਕੇ ਰਿਸ਼ੀ ਏਹ
ਹੋ ਗਿਆ ਮਿੱਟੀ ਜਿਹਾ
ਕੁਝ ਕ ਜੀਕਣ ਵਾਅ ਜਿਹਾ
ਤੇ ਕੁਝ ਕ ਜੀਂਦਾ ਜਾਗਦਾ
ਕੁਝ ਕ ਜੀਂਦਾ ਜਾਗਦਾ
ਸੀ ਕੁਝ ਕ ਪਰ ਬੇ-ਸਾਹ ਜਿਹਾ
ਕੁਝ ਕ ਬੱਦਲ ਸੀ
ਤੇ ਬਹੁਤਾ ਵਗ ਰਹੇ ਦਰਿਆ ਜਿਹਾ
ਓਸ ਨੇ ਬਾਂਹ ਆਪਣੀ ਪਾਸੇ ਵਧਾਈ
ਮਲਕੜੇ ਜੇਹੇ ਜ਼ਿਮੀਂ ਤੋਂ
ਮਟਕ ਪਾਣੀ ਦੀ ਉਠਾਈ
ਜਾਗਦੇ ਸੁੱਤੇ ਜਿਹੇ ਨੇ
ਸੀਸ ਦੇ ਉੱਤੇ ਉਲਾਰੀ
ਪੰਛੀਆਂ ਦੇ ਖੰਭ ਦੀ ਟੋਪੀ ਉਦਾਲੇ
ਧਾਰ ਪਾਣੀ ਦੀ ਮਲਕੜੇ ਮਲਕੜੇ ਜੇਹੇ ਉਤਾਰੀ

ਸੀਸ ਉਤੇ ਪੈ ਰਹੀ ਨਾ ਧਾਰ ਸੀ ਮੁੱਕੀ ਅਜੇ
ਨਾ ਹੀ ਮਟਕੀ ਦੀ ਸਮਾਧੀ ਸੀ ਰਤਾ ਟੁੱਟੀ ਅਜੇ
ਕਿ ਰਿਸ਼ੀ ਦੀ ਸੁਰਤ ਮੁੜਕੇ ਹੋ ਗਈ ਫਿਰ ਚਾਨਣੀ
ਜੁੜ ਰਹੀ ਛਾਂ ਬਿਰਛ ਦੀ ਹੋਈ ਦੁਬਾਰਾ ਛਾਨਣੀ
ਜਿਸਮ ਸਾਰਾ ਹੋ ਗਿਆ ਸੀ ਧੁੰਦ ਦਾ ਗੋਲਾ ਜਿਵੇਂ

Academy of the Punjab in North America: http://www.apnaorg.com

ਕੱਚ ਦੇ ਧਾਗੇ ਸਿਉਂਤਾ ਬਰਫ਼ ਦਾ ਚੋਲਾ ਜਿਵੇਂ
ਹੌਲੀ ਹੌਲੀ ਧੁੰਦ ਦਾ ਗੋਲਾ ਵੀ ਗ਼ਾਇਬ ਹੋ ਗਿਆ
ਬਰਫ ਦਾ ਚੋਲਾ ਵੀ ਆਖ਼ਿਰ
ਤੁਪਕ ਤੁਪਕੀ ਚੋਅ ਗਿਆ

ਜਿਸਮ ਭਾਂਵੇ ਖੁਰ ਗਿਆ
ਮਾਸ ਦਾ ਤੇ ਖ਼ੂਨ ਦਾ
ਸਾਰਾ ਖਿਲਾਰਾ ਭੁਰ ਗਿਆ
ਪਰ ਹਵਾ ਵਿਚ ਉਸ ਤਰ੍ਹਾਂ ਹੀ ਲਟਕਦੇ ਸਨ
ਜਿਸਮ ਦੇ ਉਤੇ ਉਲੀਕੇ ਸਭ ਜਨੌਰਾਂ ਦੇ ਅਕਾਰ
ਮੋਟੀਆਂ ਚੁੰਝਾਂ ਕੁਹਾੜੇ-ਦੰਦ ਤੇ ਮੋਟੇ ਜਬਾੜ
ਭਟਕੀਆਂ ਚੀਲਾਂ
ਤੇ ਬੱਚੇ ਲਭਦੀਆਂ ਕੂੰਜਾਂ ਦੀ ਡਾਰ
ਗ਼ੈਰਹਾਜ਼ਰ ਸੀਸ ਉਤੇ ਰਾਂਗਲੇ ਖੰਭਾਂ ਦੀ ਵਾੜ
ਰਾਂਗਲੀ ਇਸ ਵਾੜ ਉਤੇ
ਗਿਰ ਰਹੀ ਮਟਕੇ ਦੀ ਧਾਰ
ਇਹ ਸਭੇ ਓਸੇ ਤਰ੍ਹਾਂ ਮੌਜੂਦ ਸਨ

ਓਸ ਵੇਲੇ ਹੀ ਕੰਵਾਰੀ ਧਰਤ ਨੂੰ
ਸਾਗਰੋਂ ਉਤਰੇ ਬਿਗ਼ਾਨੇ
ਬੇਰਹਿਮ ਬੂਟਾਂ
ਤੇ ਭੁੱਖੀਆਂ ਵਰਦੀਆਂ ਨੇ ਲਿਤੜਿਆ
ਸਾਫ਼ ਕੋਰੇ ਧਰਤ ਦੇ ਨਿਰਮਲ ਸਫੇ 'ਤੇ
ਇਉਂ ਬਲਾਤਾਕਾਰ ਦਾ
ਬਿਰਤਾਂਤ ਪਹਿਲਾ ਚਿਤਰਿਆ

ਵਰਦੀਆਂ ਦੀ ਬੇਰਹਿਮ ਇਸ ਧਾੜ ਨੇ
ਸੱਭਿਅਤਾ ਦੀ ਗ਼ੈਰ-ਸਭਿਅਕ ਜਾੜ੍ਹ ਨੇ
ਬੂਟਿਆਂ ਰੁੱਖਾਂ ਜਨੌਰਾਂ ਚਸ਼ਮਿਆਂ ਨੂੰ ਡੰਗਿਆ
ਤੇ ਜਿਨ੍ਹਾਂ ਅੰਦਰ ਸਿਤਰਾਂ ਢੋਲਕਾਂ ਸਨ ਸੁੱਤੀਆਂ

Academy of the Punjab in North America: http://www.apnaorg.com

ਸੀ ਦਰਖ਼ਤਾਂ ਦੇ ਤਨਾਂ ਨੂੰ ਆਰਿਆ ਤੇ ਰੰਦਿਆ
ਬਿਰਧ ਨਦੀਆਂ
ਤੇ ਸਿਆਣੇ ਪਰਬਤਾਂ ਨੂੰ ਝੰਬਿਆ
ਪੈਨਸਲਾਂ ਦੇ ਨਾਲ ਕੋਹਿਆ
ਨਕਸ਼ਿਆਂ 'ਤੇ ਟੰਗਿਆ
ਤੇ ਰਿਸ਼ੀ ਦੇ ਪਰਤਣੇ ਦੀ ਆਸ ਵਿਚ
ਜੋ ਹਵਾ ਵਿਚ ਲਟਕਦੇ ਸਨ
ਗ਼ੈਰ-ਹਾਜ਼ਰ ਜਿਸਮ ਦੇ ਉਤੇ ਉਲੀਕੇ
ਸਭ ਜਨੌਰਾਂ ਦੇ ਅਕਾਰ
ਮੋਟੀਆਂ ਚੁੰਝਾਂ, ਕੁਹਾੜੇ-ਦੰਦ ਤੇ ਮੋਟੇ ਜਬਾੜ
ਭਟਕੀਆਂ ਚੀਲਾਂ
ਤੇ ਬੱਚੇ ਲਭਦੀਆਂ ਕੂੰਜਾਂ ਦੀ ਡਾਰ
ਗ਼ੈਰਹਾਜ਼ਰ ਸੀਸ ਉਤੇ ਰਾਂਗਲੇ ਖੰਭਾਂ ਦੀ ਵਾੜ
ਸਾਰਿਆਂ ਨੂੰ ਵਰਦੀਆਂ ਨੇ ਬੇਰਹਿਮ ਹੋ ਝਾੜਿਆ
ਲਿਤੜਿਆ ਤੇ ਸਾੜਿਆ
ਤੇ ਹਵਾ ਵਿਚ ਲਟਕਦੀ ਮਟਕੀ 'ਚ
ਪੱਥਰ ਮਾਰਿਆ

ਟੁੱਟ ਗਈ ਮਟਕੀ
ਤੇ ਟੁਕੜੇ ਹੋ ਜ਼ਿਮੀਂ ਤੇ ਵਿਛ ਗਈ
ਧਾਰ ਪਾਣੀ ਦੀ ਬਣੀ ਅਥਰੂ
ਜ਼ਿਮੀਂ ਤੇ ਲਿਟ ਗਈ
ਅਣਲਿਖੀ ਤਾਰੀਖ਼
ਅਪਣੇ ਅੱਥਰੂਆਂ ਵਿਚ ਮਿਟ ਗਈ

ਮਟਕ ਭਾਂਵੇ ਗ਼ਾਇਬ ਹੈ
ਬਹੁਤ ਸਦੀਆਂ ਤੋਂ
ਬਕਾਇਦਾ ਧਾਰ ਵਗਦੀ ਹੈ ਅਜੇ
ਸੜ ਗਈ ਦਰਵੇਸ਼ ਟੋਪੀ ਨੂੰ ਹੀ ਲਭਦੀ ਹੈ ਅਜੇ
ਤੇ ਹਵਾ 'ਚੋਂ ਝਾੜ ਕੇ ਸਾੜੇ ਗਏ

Academy of the Punjab in North America: http://www.apnaorg.com

ਮੂਰਤਾਂ ਵਾਲੇ ਰਿਸ਼ੀ ਦੇ ਖੋਲ ਨੂੰ
ਅਥਰੂਆਂ ਦੀ ਛਲਕ ਸਦਦੀ ਹੈ ਅਜੇ
ਗ਼ਾਇਬ ਹੋਈ ਮਟਕ ਨੂੰ ਵੀ
ਧਾਰ ਦੀ ਆਵਾਜ਼ ਵਜਦੀ ਹੈ ਅਜੇ

ਮਟਕ ਦਾ ਹੰਝੂ ਬਕਾਇਦਾ ਵਹਿ ਰਿਹਾ ਹੈ
ਮਣਾਂ-ਮੂੰਹ ਫ਼ਾਇਦਾ-ਬਿ-ਫ਼ਾਇਦਾ ਵਹਿ ਰਿਹਾ ਹੈ
ਰਿਸ਼ੀ ਦੇ ਪਰਤਣ ਦਾ
ਅਣ-ਕੀਤਾ ਜਾਂ ਵਾਇਦਾ ਵਹਿ ਰਿਹਾ ਹੈ

ਪਰ ਇਹ ਹੰਝੂ ਹੁਣ ਸਿਰਫ਼ ਬੇਅੰਤ ਪਾਣੀ ਹੈ
ਅਣਲਿਖੀ ਤਾਰੀਖ਼ ਦੇ ਉਤੇ ਮਧਾਣੀ ਹੈ
ਨਾ ਹਕੀਕਤ ਨਾ ਕਹਾਣੀ ਹੈ

ਦੂਰ ਦੇਸਾਂ ਤੋਂ ਹਜ਼ਾਰਾਂ ਲੋਕ ਆਉਂਦੇ ਨੇ
ਮਣਾ-ਮੂੰਹ ਪਾਣੀਆਂ ਨੂੰ
ਕੈਮਰੇ ਅੰਦਰ ਨਚਾਉਂਦੇ ਨੇ
ਰਿਸਾਲੇ ਟੀ. ਵੀਆਂ ਅਖ਼ਬਾਰ 'ਤੇ
ਥਾਂ ਥਾਂ ਦਿਖਾਉਂਦੇ ਨੇ

ਹਜ਼ਾਰਾਂ ਨੇਤਰਾਂ ਨੂੰ
ਗਿਰ ਰਹੀ ਇੱਕ ਧਾਰ ਦਿਸਦੀ ਹੈ
ਅਨੂਠੀ ਧਾਰ 'ਚੋਂ
ਕੁਦਰਤ ਅਜੂਬਾਕਾਰ ਦਿਸਦੀ ਹੈ
ਕਿਸੇ ਵੀ ਅੱਖ ਨੂੰ ਲੇਕਿਨ
ਅਨੂਠੀ ਧਾਰ ਅੰਦਰ ਭਸਮ ਹੋਏ
ਹੰਝ ਨਹੀਂ ਦਿਸਦੇ
ਜਿਨ੍ਹਾਂ ਨੂੰ ਵਰਦੀਆਂ ਨੇ ਰਾਖ਼ ਕੀਤਾ ਸੀ
ਰਿਸ਼ੀ ਦੇ ਸੀਸ ਨੂੰ ਤਾਲਾਸ਼ਦੇ
ਉਹ ਖੰਭ ਨਹੀਂ ਦਿਸਦੇ

Academy of the Punjab in North America: http://www.apnaorg.com

ਰਿਸ਼ੀ ਦੀ ਰੂਹ 'ਚ ਖੁੱਭੇ
ਪਾਰਦਰਸ਼ੀ ਦੰਦ ਨਹੀਂ ਦਿਸਦੇ
ਕੋਲੰਬਸ ਦੀ ਤਲੀ ਉੱਤੇ
ਕੰਵਾਰੀ ਧਰਤ ਦੇ
ਨੰਗੇ ਝਰੀਟੇ ਅੰਗ ਨਹੀਂ ਦਿਸਦੇ

ਮਣਾ ਮੂੰਹ ਪਾਣੀਆਂ ਦਾ ਨਿਰਵਿਘਨ ਗਿਰਨਾ
ਲੋਕਾਈ ਵਾਸਤੇ ਵਧੀਆ ਤਮਾਸ਼ਾ ਹੈ
ਤੇ ਚਿੜੀਆਂ ਦੇ ਨਿਰੰਤਰ ਕਤਲ ਦੇ ਉੱਤੇ
ਮਸ਼ੀਨੀ ਭੀੜ ਦਾ ਸ਼ਾਇਦ
ਇਹ ਬਾ-ਤਹਿਜ਼ੀਬ ਹਾਸਾ ਹੈ

●

Academy of the Punjab in North America: http://www.apnaorg.com